# ਵਰਿਆਮ

ਸਾਲ ਚੌਵੀਵਾਂ

ਮਈ ੧੯੯੯



ਕੀ ਪਤੈ ਉਸ ਕਰੰਗ ਵਰਗੇ, ਰੁੱਖ ਤੇ ਬੈਠੀ ਚਿੜੀ ਤਲਖ ਹੋ ਕੇ ਉੱਡ ਪਵੇ, ਤੇ ਮੌਲ ਜਾਵੇ ਸਾਰੇ ਹੀ ਅੰਬਰ ਤੇ ਬਣ ਕੇ ਕਲਪ ਬਿਰਖ।

—ਸੁਖਵੰਤ

ਫੋਟੋ : ਏ. ਰੁਪਿੰਦਰ ਰੂਪ ਸਿੰਘ ਸੰਧੂ

Sri Satguru Jagjit Singh Ji eLibrary NamdhariElibrary@gmail.com

https://archive.org/details/namdhari









NS

# NAMDHARI SEEDS

ਤੁਹਾਡੀ ਖੁਸ਼ਹਾਲੀ ਦਾ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

ਟਮਾਟਰ : N.S. 815, ਉਤਸਵ ਅਤੇ ਅਮੋਘ
ਫੁਲ ਗੋਭੀ : N.S. 60, N.S. 84 ਅਤੇ N.S. 90
ਭਿੰਡੀ : ਅਰਕਾ ਅਨਾਮਿਕਾ
ਤਰਬੂਜ਼ : N.S. 295 (ਸਮਰ ਸਵੀਟ) N.S. 246 ਅਤੇ N.S. 2332
ਖਰਬੂਜਾ : N.S. 7455 ਅਤੇ ਅਭਿਜੀਤ
ਲੌਕੀ (ਘੀਆ) : ਕਾਵੇਰੀ
ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

ਰੀਜਨਲ ਆਫਿਸ :-
**ਨਾਮਧਾਰੀ ਸੀਡਜ਼ ਪ੍ਰਾ : ਲਿ :**
104, ਸਾਵਿਤਰੀ ਕੰਪਲੈਕਸ,
ਢੋਲੇਵਾਲ ਚੌਂਕ, ਲੁਧਿਆਣਾ-141 003.
ਫੋਨ : 0161-531439, 543499 ਘਰ : 0161-833109

*Head Office :*
**NAMDHARI SEEDS PVT. LTD.**
Bidadi-Bangalore (India) 562109
Tel : 080-2210987, 08113-82401
Fax : 080-2276880

https://archive.org/details/namdhari


੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA


Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



# 12-Bore GUNS

## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**

https://archive.org/details/namdhari




# PARTNER®

*Cardigans* *Pullovers*

*Ante-date Knitters*

*A Quality Product of*

## UDEY KNITWEARS

*Manufacturers & Exporters*

A GOVT. RECOGNISED EXPORT HOUSE

Street No. 3, Jammu Colony, Opp. Atam Park,
LUDHIANA.
Phones : 424438, 423685, 494841
Fax No. : 91-161-494131


Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਮਈ ੧੯੯੯ ਜਿਲਦ—੨੪ ਅੰਕ—੭

ਤਤਕਰਾ


ਸੰਪਾਦਕੀ—ਸਤਿਗੁਰੂ ਰਾਮ ਸਿੰਘ ਆਜ਼ਾਦੀ ਐਵਾਰਡ ੩
—ਚਿੜੀ ਵਿਚਾਰੀ ਕੀ ਕਰੇ ! ੪
—ਜਗਦੀਸ਼ ਸਿੰਘ

ਪ੍ਰਭ ਕਾ ਸਿਮਰਨੁ ਸਭ ਤੇ ਊਚਾ ੫
—ਗੁਰੂਬਦਨ ਸਿੰਘ ਨਾਮਧਾਰੀ

ਆਬ ਆਬ ਤੇ ਪੰਜਾਬ ੬
—ਸਈਯਦ ਆਸਫ਼ ਸ਼ਾਹਕਾਰ

ਗ਼ਜ਼ਲ —ਸ਼ਹਿਮਾ ਸਿੰਘ ੧੨

ਕਵਿਤਾ ਦਾ ਆਵੇਸ਼ ਤੇ ਕਵਿਤਾ —ਤਰਲੋਕ ਮਨਸੂਰ ੧੨

ਨਾਮਧਾਰੀ ਸਮਾਜ ਵਿਚ ਵਿਆਹ —ਅਸ਼ਰ ਭਾਰਤੀ ੧੩

ਦੋ ਗ਼ਜ਼ਲਾਂ —ਬਖਸ਼ੀਸ਼ ਪੰਜਾਬੀ ੧੮

ਦੋ ਕਵਿਤਾਵਾਂ —ਸੁਬੇਗ ਸੱਧਰ ੧੯

ਪੀੜਾਂ (ਕਵਿਤਾ) —ਬਲਵਿੰਦਰ ਗੋਇੰਦਵਾਲ ੨੦

ਏਹ ਗੱਲ ਹੈ... (ਕਵਿਤਾ) —ਕੋਮਲ ਸਿੰਘ ਕੌਮੀ ੨੦

ਪੱਛਮੀ ਪੰਜਾਬ ਵਿਚ ਕੁਝ ਦਿਨ ੨੧
—ਸੁਵਰਨ ਸਿੰਘ ਵਿਰਕ

ਟੋਭਾ ਟੇਕ ਸਿੰਘ (ਕਹਾਣੀ) —ਸਆਦਤ ਹਸਨ ਮੰਟੋ ੨੫

ਜਾਣੇ-ਅਣਜਾਣੇ ਸਫ਼ਰ —ਸੁਪਨਦੀਪ ਸੰਧੂ ੩੧

ਖਬਰਨਾਮਾ ੩੫


**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦.੦੦ ਰੁਪਏ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੪੦੦.੦੦ ,, |
| ਜੀਵਨ ਮੈਂਬਰ | ੧੦੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |


ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
ਸਾਮ੍ਹਣੇ ਸੈਂਟਰਲ ਟਾਊਨ
ਜਲੰਧਰ ੧੪੪੦੦੧
ਫੋਨ—ਦਫਤਰ : ੨੨੨੫੪੩
ਘਰ : ੫੬੨੮੯

Office Address :
Monthly WARIAM
(Punjabi)
Ladowali Road,
Opp. Central Town,
Jalandhar-144001
Ph. 222543 (O)
56289 (R)



ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**S A G G U**

**IRON INDUSTRIES**

**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill Spares, Textile Mill Spares, Distillery Spares & Solvent Plant Spares
All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

Old Railway Road, JALANDHAR.

Phone : 58795, 59056
Mobile Phone 981402809




Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਆਜ਼ਾਦੀ ਐਵਾਰਡ

ਜਨਾਬ ਆਸਫ ਸ਼ਾਹਕਾਰ ਪੱਛਮੀ (ਪਾਕਿਸਤਾਨ ਵਿਚਲੇ) ਪੰਜਾਬ ਦੇ ਲੇਖਕ ਹਨ। ਕਾਫ਼ੀ ਸਮਾਂ ਉਹਨਾਂ ਪਾਕਿਸਤਾਨ ਟੈਲੀਵੀਜ਼ਨ 'ਤੇ ਕੰਮ ਕੀਤਾ। ਇਹ ਉਹਨਾਂ ਬੰਦਿਆਂ ਵਿਚੋਂ ਹਨ ਜੋ ਪੰਜਾਬ ਨੂੰ ਇਕ ਸਭਿਆਚਾਰਕ ਇਕਾਈ ਵਜੋਂ ਮੰਨਦੇ ਹਨ। ਇਥੋਂ ਦੇ ਸ਼ਹੀਦਾਂ ਨੂੰ ਸਾਂਝੇ ਪੰਜਾਬ ਦੇ ਸ਼ਹੀਦ ਮੰਨਦੇ ਹਨ। ਪੰਜਾਬ ਦੀ ਬੋਲੀ, ਪੰਜਾਬੀ ਵਾਸਤੇ ਜਦੋਜਹਿਦ ਕਰਦੇ ਹਨ। ਇਸੇ ਕਰਕੇ ਸਈਯਦ ਆਸਫ ਸ਼ਾਹਕਾਰ ਨੂੰ ਵਤਨ ਛੱਡ ਕੇ ਸਵੀਡਨ ਵਿਚ ਰਿਹਾਇਸ਼ ਰੱਖਣੀ ਪਈ। ਕਹਿੰਦੇ ਹਨ ਕਿ ਜ਼ਹਿਮਤ ਵਿਚ ਵੀ ਰਹਿਮਤ ਹੋ ਜਾਂਦੀ ਹੈ। ਆਸਫ ਹੋਰਾਂ ਨੂੰ ਕੰਮ ਕਰਨ ਵਾਸਤੇ ਦੁਨੀਆ ਪਧਰ ਦਾ ਖੇਤਰ ਮਿਲ ਗਿਆ। ਉਹ ਯੂਰਪ ਵਿਚ ਪੰਜਾਬੀ ਪਿਆਰਿਆਂ ਨਾਲ ਸੰਪਰਕ ਬਣਾ ਸਕੇ ਹਨ। ਸੰਨ ੧੯੮੩ ਦੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਮੌਕੇ ਉਹ ਬੈਂਕਾਕ ਆਏ ਸਨ। ਉਹਨਾਂ ਉਥੇ ਸਾਂਝੀ ਪੰਜਾਬੀਅਤ ਉਤੇ ਪਰਚਾ ਪੜ੍ਹਿਆ ਸੀ। ਉਹ ਭਾਰਤ ਵੀ ਆਏ ਅਤੇ ਬਾਦ ਵਿਚ ਵੀ ਆਉਂਦੇ ਰਹੇ ਹਨ। ਉਹਨਾਂ ਦਾ ਜਤਨ ਇਹ ਵੀ ਹੈ ਕਿ ਪੰਜਾਬੀਆਂ ਦਾ ਇਹ ਸਾਂਝਾ ਰੇਡੀਓ ਸਥਾਪਤ ਕੀਤਾ ਜਾਵੇ। ਭਾਵੇਂ ਇਸ ਕੰਮ ਵਿਚ ਬੇਸ਼ੁਮਾਰ ਵਿਵਹਾਰਕ ਉਲਝਣਾਂ ਹਨ ਪਰ ਉਹ ਆਪਣੀ ਧੁੰਨ ਵਿਚ ਲੱਗੇ ਹੋਏ ਹਨ। ਉਹ ਭਾਰਤ ਕਈ ਵਾਰ ਆ ਚੁੱਕੇ ਹਨ। ਇਸ ਸਾਲ ਉਹ ਆਏ ਤਾਂ ਮਾਲੇਰਕੋਟਲੇ ਸ਼ਹੀਦੀ ਸਮਾਗਮ 'ਤੇ ਵੀ ਗਏ ਅਤੇ ਬਾਦ ਵਿਚ ਰਾਈਆਂ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਪੁਰਬ 'ਤੇ ਵੀ।

ਮਾਲੇਰਕੋਟਲੇ ਵਿਚ ਉਹਨਾਂ ਆਪਣੇ ਭਾਸ਼ਣ ਵਿਚ ਨਾਮਧਾਰੀ ਸ਼ਹੀਦਾਂ ਨੂੰ ਸਾਂਝੇ ਪੰਜਾਬ ਦੇ ਸ਼ਹੀਦ ਆਖ ਕੇ ਇਸ ਗੱਲ ਨੂੰ ਇਕ ਨਵਾਂ ਪਾਸਾਰ ਦਿਤਾ। ਉਹਨਾਂ ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ ਕਿ ਉਹਨਾਂ ਨੇ ਪਰਸਿੱਧ ਲੇਖਕ ਪੱਤਰਕਾਰ ਸਵਰਗੀ ਜੇ. ਐਸ. ਚੌਹਾਨ ਦੀ ਯਾਦ ਵਿਚ 'ਜੇ.ਐਸ. ਚੌਹਾਨ ਟਰੱਸਟ' ਕਾਇਮ ਕੀਤਾ ਹੈ। ਉਸ ਟਰੱਸਟ ਵਲੋਂ ਇਕ ਐਵਾਰਡ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ 'ਤੇ ਦੇਣ ਦਾ ਫੈਸਲਾ ਕੀਤਾ ਹੈ। ਉਸ ਚਾਹੁੰਦੇ ਹਨ ਕਿ ਇਸ ਐਵਾਰਡ ਦੇਣ ਦੇ ਪਹਿਲੇ ਸਮਾਗਮ 'ਤੇ ਸਤਿਗੁਰੂ ਜੀ ਆਪ ਦਰਸ਼ਨ ਦੇਣ। ਸਤਿਗੁਰੂ ਜੀ ਨੇ ਇਹ ਗੱਲ ਪਰਵਾਨ ਕਰ ਲਈ।

ਸਈਯਦ ਆਸਿਫ ਸ਼ਾਹਕਾਰ ਹੋਰਾਂ ਸੂਚਨਾ ਦਿੱਤੀ ਹੈ ਕਿ ਇਹ ਐਵਾਰਡ ੧੯ ਮਈ ੧੯੯੯ ਨੂੰ ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿਚ ਦਿਤਾ ਜਾ ਰਿਹਾ ਹੈ। ਇਸ ਪਹਿਲੇ ਐਵਾਰਡ ਨੂੰ ਪ੍ਰਾਪਤ ਕਰ ਰਹੇ ਹਨ ਪਾਕਿਸਤਾਨ ਵਿਚਲੇ ਮਸ਼ਹੂਰ ਸ਼ਾਇਰ ਜਨਾਬ ਅਹਿਮਦ ਸਲੀਮ। ਕੋਈ ੭੫ ਪੁਸਤਕਾਂ ਦੇ ਇਸ ਲੇਖਕ ਨੂੰ ਆਜ਼ਾਦ ਸੋਚਣੀ ਕਰਕੇ ਦੋਹਾਂ ਪੰਜਾਬਾਂ ਵਿਚ ਸਤਿਕਾਰ ਨਾਲ ਵੇਖਿਆ ਜਾਂਦਾ ਹੈ। ਇਸ ਐਵਾਰਡ ਦਾ ਨਾਮ ਹੈ "ਸਤਿਗੁਰੂ ਰਾਮ ਸਿੰਘ ਆਜ਼ਾਦੀ ਐਵਾਰਡ"। ਮਿਲੀ ਸੂਚਨਾ ਅਨੁਸਾਰ ਲਹਿੰਦੇ ਪੰਜਾਬ ਦੇ ਮਸ਼ਹੂਰ ਕਹਾਣੀਕਾਰ ਜਨਾਬ ਅਫ਼ਜ਼ਲ ਅਹਿਸਨ ਰੰਧਾਵਾ ਅਤੇ ਪਰਸਿੱਧ ਲੇਖਕ–ਪੱਤਰਕਾਰ ਜਨਾਬ ਇਲਿਆਸ ਘੁੰਮਣ ਵੀ ਇਸ ਸਮਾਗਮ ਵਿਚ ਪੁੱਜ ਰਹੇ ਹਨ। ਇਧਰੋਂ ਪੂਰਬੀ ਤੇ ਪੱਛਮੀ ਪੰਜਾਬ ਵਿਚ ਸਾਂਝ ਦੀਆਂ ਤੰਦਾਂ ਪਾਉਣ ਵਾਲਾ ਨੌਜਵਾਨ ਪ੍ਰੋ. ਜਤਿੰਦਰਪਾਲ ਸਿੰਘ ਜੌਲੀ, ਪ੍ਰੋ. ਤਾਰਾ ਸਿੰਘ ਅਨਜਾਣ ਅਤੇ ਵਿਸ਼ਵ ਪੰਜਾਬੀ ਕਾਨਫਰੰਸ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ ਵੀ ਜਾ ਰਹੇ ਹਨ।

ਅਸੀਂ ਸਮਝਦੇ ਹਾਂ ਕਿ ਸਤਿਗੁਰੂ ਰਾਮ ਸਿੰਘ ਦੇ ਨਾਮ 'ਤੇ ਕੋਈ ਅੰਤਰ-ਰਾਸ਼ਟਰੀ ਐਵਾਰਡ ਸਥਾਪਤ ਕਰਕੇ ਜੇ.ਐਸ. ਚੌਹਾਨ ਟਰੱਸਟ ਨੇ ਇਕ ਨੇਕ ਕੰਮ ਕੀਤਾ ਏ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਨੂੰ ਸਰਪ੍ਰਸਤੀ ਬਖਸ਼ ਕੇ ਨਾਮਧਾਰੀ ਪੰਥ ਦੀਆਂ ਕੁਰਬਾਨੀਆਂ ਨੂੰ ਅੰਤਰ-ਰਾਸ਼ਟਰੀ ਮੰਚ 'ਤੇ ਲਿਆਉਣ ਵਾਲੇ ਸੱਜਣਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਹੈ। ਨਾਮਧਾਰੀਆਂ ਦੀਆਂ ਕੁਰਬਾਨੀਆਂ ਦੇਸ਼ ਵਾਸਤੇ ਸਨ, ਮਨੁੱਖਤਾ ਵਾਸਤੇ ਸਨ, ਆਜ਼ਾਦੀ ਦੀ ਰੂਹ ਵਾਸਤੇ ਸਨ। ਉਹ ਕਿਸੇ ਨਿੱਜੀ ਸੁਆਰਥ ਵਾਸਤੇ ਨਹੀਂ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਂ ਵਿਚ ਆਜ਼ਾਦੀ ਵਾਸਤੇ ਤੜਪ ਪੈਦਾ ਕੀਤੀ ਅਤੇ ਓਸ ਤੜਪ ਦੇ ਸਿੱਟੇ ਵਜੋਂ ਹੀ ਇਹ ਸਾਹਸਤਹੀਣ ਕੌਮ ਤੋਪਾਂ ਦੇ ਅਗੇ ਖਲੋ ਕੇ ਸ਼ਹੀਦ ਹੋਣ ਤੋਂ ਨਾ ਡਰੀ।

ਜੇ ਕੁਝ ਦਾਨਸ਼ਵਰ ਪੰਜਾਬੀ ਉਸ ਥਾਂ ਬੈਠ ਕੇ ਸਤਿਗੁਰੂ ਰਾਮ ਸਿੰਘ ਦੀ ਯਾਦ ਵਿਚ ਜੁੜਦੇ ਹਨ ਜਿਥੋਂ ਸਾਮਰਾਜ ਤੁਰਿਆ ਸੀ ਤਾਂ ਇਹ ਦੇਰ ਬਾਦ ਹੀ ਸਹੀ ਆਪਣਾ ਮੂਲ ਪਛਾਨਣ ਵਾਲੀ ਗੱਲ ਹੀ ਹੈ। ਅਤੇ ਇਹ ਉੱਦਮ ਕਿਸੇ ਵਲੋਂ ਵੀ ਹੋਵੇ ਸੁਆਗਤਯੋਗ ਹੈ।



Sri Satguru Jagjit Singh Ji eLibrary NamdhariElibrary@gmail.com

# ਚਿੜੀ ਵਿਚਾਰੀ ਕੀ ਕਰੇ !

ਇਕ ਵਾਰ ਫੇਰ ਭਾਰਤ ਵਿਚ ਲੋਕ ਸਭਾ ਦੀਆਂ ਚੋਣਾਂ ਦਾ ਧੂਤੂ ਵਜ ਗਿਆ ਹੈ। ਇਹ ਭਾਰਤੀ ਜਮਹੂਰੀਅਤ ਦਾ ਕ੍ਰਿਸ਼ਮਾ ਹੈ ਕਿ ਭਾਵੇਂ ਪਿਛਲੇ ਪੰਜਾਹ ਸਾਲਾਂ ਵਿਚ ਲੰਮਾ ਸਮਾਂ ਕਾਂਗਰਸ ਪਾਰਟੀ ਦਾ ਰਾਜ ਰਿਹਾ ਹੈ, ਪਰ ਬਾਕੀ ਸਭ ਪਾਰਟੀਆਂ ਵੀ ਕਿਸੇ ਨਾ ਕਿਸੇ ਵੇਲੇ ਰਾਜ-ਭਾਗ ਨਾਲ ਜੁੜੀਆਂ ਰਹੀਆਂ ਹਨ। ਸਿਵਾਏ ਇਕ ਗੱਠਜੋੜ (ਕਾਂਗਰਸ-ਬੀ.ਜੇ.ਪੀ.) ਨੂੰ ਛੱਡਕੇ ਸਾਰੀਆਂ ਹੀ ਪਾਰਟੀਆਂ ਨੇ ਕਿਸੇ ਨਾ ਕਿਸੇ ਸਮੇਂ ਇਕ ਦੂਜੀ ਨਾਲ ਪਿਆਰ ਪੀਂਘਾਂ ਵੀ ਪਾਈਆਂ ਹਨ ਅਤੇ ਹਰ ਤਰ੍ਹਾਂ ਦੇ ਹੀਲੇ ਅਪਣਾਕੇ ਰਾਜਸੱਤਾ ਵਿਚ ਰਹਿਣ ਦਾ ਜਤਨ ਕੀਤਾ ਹੈ। ਹੈਰਾਨੀ ਨਹੀਂ ਹੋਵੇਗੀ ਜੇ ਸੱਤਾ ਵਿਚ ਰਹਿਣ ਲਈ ਕਿਸੇ ਸਮੇਂ ਇਹ ਦੋਵੇਂ ਵੀ ਹੱਥ ਮਿਲਾ ਲੈਣ !

ਬੜੀ ਤਰਸਯੋਗ ਅਤੇ ਹਸਾਉਣੀ ਸਥਿਤੀ ਹੈ ਸਾਡੀਆਂ ਪਾਰਟੀਆਂ ਦੀ। ਕਾਂਗਰਸ ਨੂੰ ਹਰਾ ਕੇ ਆਈਆਂ ਪਾਰਟੀਆਂ ਕਾਂਗਰਸ ਦੀ ਸਹਾਇਤਾ ਨਾਲ ਹੀ ਸਰਕਾਰ ਬਣਾਉਂਦੀਆਂ ਰਹੀਆਂ ਹਨ। ਹਮਾਇਤ ਲੈਂਦੀਆਂ ਅੱਖਾਂ ਵਿਖਾਉਂਦੀਆਂ ਰਹੀਆਂ ਹਨ ਅਤੇ ਹਮਾਇਤ ਵਾਪਸ ਲੈਣ ਤੇ ਸਰਕਾਰ ਡੇਗਣ ਦਾ ਦੋਸ਼ ਕਾਂਗਰਸ ਤੇ ਲਾਉਂਦੀਆਂ ਰਹੀਆਂ ਹਨ। ਹੁਣ ਵੀ ਕਾਂਗਰਸ ਤੇ ਇਹ ਦੋਸ਼ ਹੈ ਕਿ ਏਸ ਨੇ ਭਾਜਪਾ ਦੀ ਸਰਕਾਰ ਡੇਗੀ ਹੈ। ਜਦੋਂ ਆਪਣੇ ਸਾਥੀ ਨਾਲ ਨਹੀਂ ਤਾਂ ਵਿਰੋਧੀਆਂ ਤੇ ਦੋਸ਼ ਕਾਹਦਾ। ਬਾਜਪਾਈ ਸਰਕਾਰ ਵਲੋਂ ਪੇਸ਼ ਹੋਏ ਸਮਰਥਨ ਦੇ ਮਤੇ ਤੇ ਹੋਈ ਪਾਰਲੀਮੈਂਟ ਵਿਚ ਬਹਿਸ ਸੁਣ ਕੇ ਪੰਜਾਬੀ ਕਵੀ ਸਵਰਗੀ ਬਰਕਤ ਰਾਮ ਯੁਮਨ ਦਾ ਸ਼ਿਅਰ ਯਾਦ ਆਉਂਦਾ ਹੈ—

"ਹਰ ਲੀਡਰ ਦੀ ਤਕਰੀਰ ਅੰਦਰ
ਰੋਣਾ ਏ ਆਪਣੀ ਚੌਧਰ ਦਾ
ਇਕੋ ਅਫ਼ਸਾਨੇ ਨੇ ਸਾਰੇ
ਉਨਵਾਨ ਬਦਲਦੇ ਰਹਿੰਦੇ ਨੇ।"

ਜਦ ਪਾਰਟੀਆਂ ਨੇ ਆਪਣੇ ਪ੍ਰੋਗਰਾਮ ਬਦਲ ਲਏ, ਵਾਅਦੇ ਅਤੇ ਯਾਰ ਬਦਲ ਲਏ...ਤਾਂ ਲੋਕਾਂ ਦੀ ਹਾਲਤ ਉਸ ਚਿੜੀ ਵਰਗੀ ਹੈ ਜਿਸ ਬਾਰੇ ਦਾਦੀ-ਮਾਂ ਬਾਤ ਪਾਉਂਦੀ ਸੀ— ਤਰਖਾਣ ਕਿੱਕਰ ਵੱਢੇ ਨਾ, ਕਿੱਕਰ ਕਾਂ ਉਡਾਏ ਨਾ, ਕਾਂ ਗੁਲੇਲਾ ਸੁਟੇ ਨਾ...ਚਿੜੀ ਵਿਚਾਰੀ ਕੀ ਕਰੇ, ਠੰਢਾ ਪਾਣੀ ਪੀ ਮਰੇ। ਇਹ ਹੁਣ ਆਮ ਗੱਲ ਹੈ ਕਿ ਨੇਤਾ ਲੋਕ ਵੋਟਾਂ ਕਿਸੇ ਦੀਆਂ ਨਾਲ ਜਿੱਤਦੇ ਹਨ, ਆਪ ਵੋਟ ਹੋਰ ਥਾਂ ਪਾਉਂਦੇ ਹਨ।। ਇਕ ਸਰਕਾਰ (ਸਾਂਝੇ ਮੋਰਚੇ ਦੀ) ਇਸ ਕਰਕੇ ਟੁੱਟ ਗਈ ਕਿ ਉਹਨਾਂ ਆਪਣੇ ਇਕ ਸਹਿਯੋਗੀ (ਡੀ.ਐਮ.ਕੇ.) ਦਾ ਸਾਥ ਨਾ ਛੱਡਿਆ। ਪਰ ਉਹ ਹੀ ਡੀ.ਐਮ.ਕੇ. ਸਾਂਝੇ ਮੋਰਚੇ ਦਾ ਸਾਥ ਛੱਡ ਕੇ ਬੀ.ਜੇ.ਪੀ. ਦੀ ਝੋਲੀ ਜਾ ਪਈ। ਇਕੱਲੇ ਇਕੱਲੇ ਲੀਡਰ ਦੀ ਪਾਰਟੀ ਹੈ, ਜੋ ਸਦਾ ਸੌਦਾਗਿਰੀ ਵਿਚ ਹੀ ਲੱਗੇ ਰਹਿੰਦੇ ਹਨ। ਇਕ ਪਾਰਟੀ ਵਿਚ ਸਾਰੇ ਹੀ ਵੱਡੇ ਵੱਡੇ ਲੀਡਰ ਹਨ। ਅਕਬਰ ਅਲਾਹਾਬਾਦੀ ਦਾ ਸ਼ਿਅਰ ਇਥੇ ਢੁਕਦਾ ਹੈ—

ਲੀਡਰੋਂ ਕੀ ਧੂਮ ਹੈ ਔਰ ਫਾਲੋਵਾਰ ਕੋਈ ਨਹੀਂ
ਸਭ ਤੋ ਜਨਰਲ ਹੈ ਯਹਾਂ ਆਖ਼ਰ ਸਿਪਾਹੀ ਕੌਨ ਹੈ ?

ਇਹ ਵੀ ਭਾਰਤੀ ਜਮਹੂਰੀਅਤ ਦਾ ਕਮਾਲ ਹੈ ਕਿ ਮੁਲਾਇਮ ਸਿੰਘ ਯਾਦਵ ਵਰਗੇ ਨੇਤਾ ਕਾਂਗਰਸ ਨੂੰ ਬੀ.ਜੇ.ਪੀ. ਸਰਕਾਰ ਡੇਗਣ ਲਈ ਉਕਸਾਉਣ ਵਿਚ ਵੀ ਅੱਗੇ ਅੱਗੇ ਸਨ ਅਤੇ ਕਾਂਗਰਸ ਸਰਕਾਰ ਬਨਣ ਵਿਚ ਰੋੜਾ ਬਣਨ ਵਾਲੇ ਵੀ ਆਪ ਹੀ ਸਨ। ਇਹੋ ਜਿਹੀਆਂ ਅਨੇਕਾਂ ਮਿਸਾਲਾਂ ਹਨ ਜੋ ਸਾਡੇ ਲੋਕ-ਰਾਜ ਦੇ ਪਤਨ ਦੀ ਸਾਖੀ ਭਰਦੀਆਂ ਹਨ। ਪਾਰਲੀਮੈਂਟ ਵਿਚ ਹੋਈ ਬਹਿਸ ਅਤੇ ਬਾਅਦ ਵਿਚ ਚੱਲੀਆਂ ਸਾਜ਼ਸ਼ਾਂ ਵੇਖ ਕੇ ਸੂਫ਼ੀ ਸ਼ਾਇਰ ਸਰਮੱਦ ਦਾ ਕਥਨ ਯਾਦ ਆਉਂਦਾ ਹੈ ਜਿਸ ਦਾ ਪੰਜਾਬੀ ਅਨੁਵਾਦ ਸਵਰਗੀ ਸੂਬਾ ਸਿੰਘ ਨੇ ਇੰਝ ਕੀਤਾ ਸੀ—

ਯਾਰ ਲੋਕ ਨੇ ਕਿੰਨੇ ਚਲਾਕ ਅੱਜ ਕਲ੍ਹ
ਦੋਹਾਂ ਪਾਸਿਆਂ ਵੱਲ ਧਿਆਨ ਰੱਖਦ
ਇਕ ਪਾਸੇ ਤਾਂ ਕੁਫ਼ਰ ਦੀ ਭਰਨ ਹਾਮੀ
ਦੂਜੇ ਬਗਲ ਦੇ ਵਿਚ ਕੁਰਾਨ ਰੱਖਦੇ
ਬੈਠੇ ਰਹਿਣ ਸ਼ਤਰੰਜ ਦੇ ਜਿਵੇਂ ਮੋਹਰੇ
ਸ਼ਾਤਰ ਬਹੁਤ ਪਛਾਣ ਪਛਾਣ ਰੱਖਦੇ
ਇਕ ਦੂਜੇ 'ਤੇ ਵਾਰ ਕਰਨ ਖ਼ਾਤਰ
ਖਿੱਚੀ ਸਾਜ਼ਸ਼ੀ ਸਦਾ ਕਮਾਨ ਰੱਖਦੇ।

ਹੁਣ ਨਵੀਆਂ ਚੋਣਾਂ ਵਾਸਤੇ ਨਵੀਆਂ ਯਾਰੀਆਂ ਅਤੇ ਗੱਠਜੋੜਾਂ ਦਾ ਬਾਜ਼ਾਰ ਗਰਮ ਹੈ। ਚਿੜੀ ਵਿਚਾਰੀ ਨੂੰ ਅਜੇ ਗੁਲੇਲਾ ਨਹੀਂ ਮਿਲਦਾ ਜਾਪਦਾ। ਪਰ ਦਾਦੀ-ਅੰਮਾ ਦੀ ਚਿੜੀ ਨੇ ਹੌਸਲਾ ਨਹੀਂ ਸੀ ਛੱਡਿਆ ਅਤੇ ਆਖਰ ਕਾਂ ਨੂੰ ਗੁਲੇਲਾ ਸੁਟਣਾ ਪਿਆ ਸੀ—ਇਹ ਹੀ ਆਸ ਹੈ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਪ੍ਰਭ ਕਾ ਸਿਮਰਨੁ ਸਭ ਤੇ ਊਚਾ

—ਗੁਰਬਚਨ ਸਿੰਘ ਨਾਮਧਾਰੀ

ਜਨਮਾਂ-ਜਨਮਾਂਤਰਾਂ ਤੋਂ ਬਾਦ, ਅਤਿ ਦੁਖਦਾਈ ਜੂਨਾਂ ਤੋਂ ਬਾਦ, ਜੀਵ ਨੂੰ ਜਦੋਂ ਮਨੁੱਖੀ ਦੇਹ ਮਿਲੀ ਤਾਂ ਪੰਜਵੇਂ ਪਾਤਸ਼ਾਹ ਨੇ ਮੰਤ੍ਰ ਦਿੱਤਾ :

"ਭਈ ਪਰਾਪਤਿ ਮਾਨੁਖ ਦੇਹੁਰੀਆ,
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥"

ਪਰ ਜੀਅ ਫੇਰ ਭੁੱਲ ਗਿਆ, ਸੰਸਾਰਕ ਸੁੱਖ-ਭੋਗ ਵਿਚ ਰਚ ਗਿਆ। ਇਸਦਾ ਅੰਜਾਮ ਹੋਇਆ—

"ਪੁਨਰਪੀ ਜਨਮੰ, ਪੁਨਰਪੀ ਮਰਨੰ,
ਪੁਨਰਪੀ ਜਨਨੀ ਜਟਰੇਂ ਸ਼ਯਨੰ ॥",

ਭਾਵ—ਫ਼ਿਰ ਜਨਮ, ਫਿਰ ਮਰਨ, ਫ਼ਿਰ ਕਿਸੇ ਮਾਤਾ ਦੀ ਕੁੱਖ ਵਿਚ ਕਸ਼ਟਮਈ ਵਾਸ! ਜਨਮ-ਮਰਨ ਦਾ ਇਕ ਹੋਰ ਲੰਬਾ ਸਿਲਸਿਲਾ! ਗੁਰ-ਮੰਤ੍ਰ ਸੁਣ ਜੋ ਜਾਗੇ, ਉਹ ਫ਼ੇਰ ਸੌਂ ਨਾ ਸਕੇ, ਮਾਇਆ ਪ੍ਰਭਾਵਤ ਨਾ ਕਰ ਸਕੀ। ਐਸੇ ਹੀ ਜਾਗੇ ਜੀਅ ਗੁਰੂ-ਮੰਤ੍ਰ ਦੇ ਰੂਪ ਵਿਚ ਪਹਿਰੂਏ ਬਣ ਜਗਤ ਨੂੰ ਜਾਗਣ ਦਾ ਹੋਕਾ ਦਿੰਦੇ ਰਹੇ। ਐਸੇ ਜਾਗ੍ਰਿਤ ਜੀਅ ਦੀ ਇਕੋ ਮੰਗ ਰਹਿ ਗਈ—

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
ਹਉ ਤਿਸੁ ਪਹਿ ਆਪੁ ਵੇਚਾਈ ॥

(ਮਹਲਾ ੪, ਪੰਨਾ ੭੫੭)

ਪ੍ਰਭੂ ਮਿਲਣ ਦੀ ਤਾਂਘ ਹੀ ਭਗਤੀ ਹੈ। ਸ਼ਿਆਮ ਦੇ ਵਿਯੋਗ ਵਿਚ ਦੀਵਾਨਗੀ ਹੀ ਮੀਰਾ-ਪ੍ਰੇਮ ਦੀ ਸ੍ਰੇਸ਼ਟਤਾ ਹੈ। ਜਨਮਾਂ-ਜਨਮਾਂ ਤੋਂ ਭਟਕਦੀ ਆਤਮਾ! ਪ੍ਰਭੂ ਤੋਂ ਵਿਛੜੇ ਪਿਆਸੇ ਪ੍ਰਾਣ, ਕੋਈ ਹੈ, ਪ੍ਰਭੂ ਦਾ ਪਿਆਰਾ, ਜੋ ਮਿਲਾਪ ਕਰਾ ਦੇਵੇ? ਪੰਜਵੇਂ ਪਾਤਸ਼ਾਹ ਇਸੇ ਪਿਆਸ ਨੂੰ ਉਜਾਗਰ ਕਰਦੇ ਹਨ—

"ਹਰਿ ਪੇਖਨ ਕਉ ਸਿਮਰਤ ਮਨੁ ਮੇਰਾ ॥
ਆਸ ਪਿਆਸੀ ਚਿਤਵਉ ਦਿਨੁ ਰੈਨੀ
ਹੈ ਕੋਈ ਸੰਤੁ ਮਿਲਾਵੈ ਨੇਰਾ ॥

(ਮਹਲਾ ੫, ਪੰਨਾ ੨੦੪)

ਪੰਜਵੇਂ ਪਾਤਸ਼ਾਹ ਨੇ ਜੀਵ ਕਲਿਆਨ ਹਿਤ ਮੁਕਤੀ-ਸੂਤ੍ਰ ਦਿੱਤਾ :

"ਪ੍ਰਭ ਕਾ ਸਿਮਰਨੁ ਸਭ ਤੇ ਊਚਾ
ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥" (ਸੁਖਮਨੀ)

ਦੁਨੀਆ ਦੇ ਸਾਰੇ ਉਪਰਾਲੇ ਸੁੱਖ-ਸੰਪਤੀ ਲਈ ਹਨ। ਪੰਡਤ, ਪੁਰੋਹਤ, ਡੇਰਿਆਂ ਦੇ ਮਹੰਤ, ਤਥਾਕਥਤ ਧਾਰਮਿਕ ਆਗੂ, ਸੁੱਖ-ਭੋਗ ਦੇ ਸੁਪਨੇ ਵੇਚ ਰਹੇ ਹਨ। ਸਦੀਆਂ ਤੋਂ ਪ੍ਰਲੋਭਨ ਦਾ ਇਹ ਸਿਲਸਿਲਾ ਚਲ ਰਿਹਾ ਹੈ। ਪੰਜਵੇਂ ਪਾਤਸ਼ਾਹ ਨੇ 'ਸਿਮਰਨ' ਨੂੰ ਤ੍ਰਿਸ਼ਨਾ-ਸ਼ਾਂਤੀ ਦਾ ਵਸੀਲਾ ਬਣਾਇਆ—

"ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥"

ਕਹਿੰਦੇ ਹਨ, ਤ੍ਰਿਸਨਾ ਕਦੇ ਤ੍ਰਿਪਤ ਨਹੀਂ ਹੁੰਦੀ। ਦੋ ਮਿਲੇ ਤਾਂ ਚਾਰ ਦੀ ਮੰਗ, ਚਾਰ ਮਿਲੇ ਤਾਂ ਚਾਲੀ ਦੀ ਆਸ।

ਸਹਸ ਖਟੇ ਲਖ ਕਉ ਉਠਿ ਧਾਵੈ
ਤ੍ਰਿਪਤਿ ਨ ਆਵੈ, ਮਾਇਆ ਪਾਛੈ ਪਾਵੈ ॥

(ਸੁਖਮਨੀ)

ਤ੍ਰਿਸ਼ਨਾ ਦਾ ਪਸਾਰ ਸੰਸਾਰ ਹੈ। ਇਸ ਤ੍ਰਿਸ਼ਨਾ ਤੋਂ ਕੋਈ ਭਗਤ, ਕੋਈ ਸੰਤ, ਕੋਈ ਸੂਰਮਾ ਉਪਰ ਉੱਠੇ, ਤਾਂ ਪੌੜੀ ਸ਼ੁਰੂ ਹੁੰਦੀ ਹੈ "ਸਿਮਰਨ" ਦੀ।

ਸੰਸਕ੍ਰਿਤ ਦੇ ਅਸਮਰਨ ਸ਼ਬਦ ਤੋਂ "ਸਿਮਰਨ" ਬਣਿਆ। ਸਿਮਰਨ ਦਾ ਅਰਥ ਹੈ, ਯਾਦ! ਜੀਵਨ ਅਤੇ ਮੌਤ ਦੀਆਂ ਅਨੇਕਾਂ ਘਟਨਾਵਾਂ-ਦੁਰਘਟਨਾਵਾਂ ਤੋਂ ਅਸਮਰਨ ਸ਼ਕਤੀ ਗਵਾ ਚੁੱਕੇ, ਆਪਣੇ ਹੀ ਮੂਲ ਰੂਪ ਨੂੰ ਭੁੱਲ ਚੁੱਕੇ ਜੀਵ ਨੂੰ ਪੰਜਵੇਂ ਪਾਤਸ਼ਾਹ ਇਲਾਜ ਦਸਦੇ ਹਨ, "ਸਿਮਰਨ"! ਹੇ ਪ੍ਰਾਣੀ ਤੂੰ ਯਾਦ ਕਰ! ਬਹੁਤ ਦੌੜ ਲਿਆ। ਹੁਣ ਤ੍ਰਿਸ਼ਨਾ ਦੀ ਇਸ ਦੌੜ ਨੂੰ ਵਿਸ਼ਰਾਮ ਦੇ। ਯਾਦ ਕਰ ਆਪਣਾ ਮੂਲ ਰੂਪ! ਯਾਦ ਕਰ, ਉਹ ਵੇਲਾ ਜਦੋਂ ਤੂੰ ਪ੍ਰਭੂ ਤੋਂ ਵਿਛੜ ਗਿਆ। ਯਾਦ ਕਰ ਆਪਣਾ ਨਿਸ਼ਚਾ, ਜੋ ਤੂੰ ਧਾਰਿਆ ਸੀ—ਪ੍ਰਭੂ ਮਿਲਨ ਦਾ! ਮਾਇਆ ਦੀ ਮ੍ਰਿਗ ਤ੍ਰਿਸ਼ਨਾ ਦੇ ਪਿਛੇ ਦੌੜ ਰਹੇ ਪ੍ਰਾਣੀ, ਤੂੰ ਅਜਹੂੰ ਜਾਗ!'

"ਕਿਆ ਤੂ ਸੋਇਆ ਜਾਗੁ ਇਆਨਾ,
ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥"

(ਭਗਤ ਰਵਿਦਾਸ, ਪੰਨਾ ੭੯੪)

ਜਾਗਣ ਦਾ ਅਰਥ ਹੈ, ਜੀਵਨ ਦਾ ਸੁਪਨਾ ਬਣ



Sri Satguru Jagjit Singh Ji eLibrary NamdhariElibrary@gmail.com

ਜਾਣਾ। ਸਿਮਰਨ ਦਾ ਅਰਥ ਹੈ, ਪਿਛੋਕੜ ਦਾ ਦ੍ਰਿਸ਼ਟਮਾਨ ਹੋ ਜਾਣਾ। ਇਸ ਕਰਕੇ ਪੰਜਵੇਂ ਪਾਤਸ਼ਾਹ ਕਹਿੰਦੇ ਹਨ, "ਸਿਮਰੋ"! ਯਾਦ ਕਰੋ! ਹੋਸ਼ ਕਰੋ! ਪੁਰਾਣੀਆਂ ਯਾਦਾਂ ਹਰਿਆ ਹੁੰਦਿਆਂ ਹੀ, ਤੇਰਾ ਪਹਿਲਾ ਪਰਿਚੈ ਹੋਏਗਾ, ਤੇਰੀ ਆਤਮਾ ਦੇ ਨਾਲ। ਤੇਰੇ ਜੋਤ ਸਰੂਪ ਦੇ ਨਾਲ। ਸਿਮਰਨ ਵਿਚ ਉਤਰਦਿਆਂ, ਤੇਰਾ ਸਾਖਿਆਤਕਾਰ ਹੋਏਗਾ—ਜੀਵਨ ਦੀ ਅਨੰਤਤਾ ਨਾਲ। ਕਦੀ ਨਾ ਮਰਨ ਵਾਲੇ, ਅਜਰ, ਅਮਰ, ਅਵਿਨਾਸ਼ੀ ਜੀਵਨ ਨਾਲ। ਇਸੇ ਅਨੰਤ ਜੀਵਨ ਦੇ ਅਤੀਤ 'ਚੋਂ ਲੰਘਣ ਦੇ ਕ੍ਰਮ ਵਿਚ ਉਹ ਖਿਣ, ਸਮੇਂ ਦਾ ਉਹ ਬਿੰਦੂ ਮੂਰਤੀਮਾਨ ਹੋ ਜਾਏਗਾ, ਜਦੋਂ ਤੂੰ ਆਤਮਿਕ ਸਰੂਪ ਵਿਚ ਪਰਮਾਤਮਾ ਤੋਂ ਜੁਦਾ ਹੋਇਆ। ਕਰਮਾਂ ਕਰਕੇ ਕੋਈ ਅਵਗਿਆ, ਪ੍ਰਭੂ ਵਿਛੋਹ ਦਾ ਕਾਰਨ ਬਣੀ—ਬਿਰਹਾ ਦੀ ਇਧੇ ਘੜੀ ਨੂੰ ਮੁਖ ਰਖਦੇ ਹੋਏ ਪੰਜਵੇਂ ਪਾਤਸ਼ਾਹ ਨੇ ਬਾਰਹਮਾਹ ਦੀ ਰਚਨਾ ਕੀਤੀ, "ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥" ਹੋਸ਼ (ਗਿਆਨ) ਆਉਂਦਿਆਂ ਹੀ "ਪਿਆਰੇ" ਦਾ ਵਿਛੋੜਾ ਚੇਤੇ ਆ ਗਿਆ, ਬਿਰਹਾ ਦੀ ਅਗਨ ਤਨ-ਮਨ ਵਿਚ ਵਿਆਪ ਗਈ। ਇਸੇ ਵਿਯੋਗੀ ਭਾਵ ਤੋਂ, ਇਸੇ ਬ੍ਰਿਹਾਗਿਣੀ 'ਚੋਂ, ਪ੍ਰਭੂ ਮਿਲਣ ਦੀ ਇਸੇ ਤੜਪ 'ਚੋਂ, "ਭਗਤੀ" ਦਾ ਜਨਮ ਹੁੰਦਾ ਹੈ। ਇਹ ਭਗਤੀ ਪੂਰਨ ਰੂਪ ਨਾਲ ਸ਼ੁਧ ਹੋਏਗੀ, ਕਿਸੇ ਤਰ੍ਹਾਂ ਦੀ ਚਾਹਤ ਤੋਂ ਪਰੇ ਲੋਕ ਜਾਂ ਪਰਲੋਕ ਕਿਸੇ ਮੰਗ ਤੋਂ ਦੂਰ ਪ੍ਰਭੂ ਵਿਯੋਗ ਵਿਚ ਹਿਰਦੇ ਤੋਂ ਉਠੀ ਹੂਕ ਨਾਲ ਨੇਤਰਾਂ 'ਚੋਂ ਅਵਿਰਲ ਪ੍ਰਵਾਹਤ ਹੋ ਰਹੇ ਹੰਝੂਆਂ ਨਾਲ ਧੋਤੀ ਹੋਈ ਭਗਤੀ! ਬ੍ਰਿਹਾ ਦੀ ਅਗਨ ਵਿਚ ਤਪ ਕੇ ਸ਼ੁੱਧ ਹੋਏ ਕੁੰਦਨ ਦੇ ਸਮਾਨ।

ਅਸਮਰਣ ਸ਼ਕਤੀ ਤੇ ਜ਼ੋਰ ਦਿੰਦਿਆਂ ਹੀ, ਯਾਦ-ਦਾਸ਼ਤ ਤੇ ਦਬਾਅ ਪੈਂਦਿਆਂ ਹੀ, ਪਹਿਲਾ ਪ੍ਰਸ਼ਨ ਉਠੇਗਾ, ਮੈਂ ਕੌਣ ਹਾਂ? ਕਿਥੇ ਹਾਂ? ਮਾਇਕ ਮੂਰਛਾ ਟੁੱਟਦਿਆਂ ਹੀ ਕਿਸੇ ਦੁਰਘਟਨਾਗ੍ਰਸਤ ਵਿਅਕਤੀ ਦੀ ਤਰ੍ਹਾਂ, ਪਹਿਲੀ ਜਗਿਆਸਾ ਉਠੇਗੀ, ਮੈਂ ਕਿਥੇ ਹਾਂ? ਮੇਰੀ ਕੀ ਹਾਲਤ ਹੈ? ਇਹ ਪ੍ਰਸ਼ਨ ਤੈਨੂੰ ਬੇਚੈਨ ਕਰੇਗਾ। ਸੁੱਖ ਭੋਗ ਭੁੱਲ ਜਾਣਗੇ। "ਭੁੱਖ ਨ ਬਾਸਰ ਨੀਂਦ ਨਾ ਰਾਤੀ" ਦੀ ਹਾਲਤ ਵਿਚ ਤੂੰ ਵਿਚਾਰ ਮੰਥਨ ਵਿਚ ਉਤਰਦਾ ਜਾਏਂਗਾ। ਤੇਰਾ ਧਿਆਨ ਆਤਮ ਕੇਂਦ੍ਰਿਤ ਹੋਣ ਲਗੇਗਾ, ਤੇਰੀ ਦ੍ਰਿਸ਼ਟੀ ਅੰਤਰਮੁਖੀ ਹੋਣ ਲਗੇਗੀ। ਇਹ "ਸਿਮਰਨ" ਦੀ ਪਹਿਲੀ ਪੌੜੀ ਹੈ।

ਵਿਚਾਰ ਮੰਥਨ ਦੇ ਇਸੇ ਆਤਮ ਸੰਘਰਸ਼ 'ਚੋਂ ਲੰਘਦੇ ਹੋਏ ਵਿਸ਼ਵ ਪ੍ਰਸਿੱਧ ਦਾਰਸ਼ਨਿਕ ਸੁਕਰਾਤ, ਜਿਵੇਂ ਬਾਵਰੇ ਹੋ ਗਏ। ਆਉਂਦੇ ਜਾਂਦੇ ਕਿਸੇ ਸੱਜਣ ਮਿੱਤਰ ਨੂੰ ਪੁੱਛਦੇ, ਮੈਂ ਕੌਣ ਹਾਂ? ਕਪਿਲਵਸਤੂ ਦੇ ਰਾਜਕੁਮਾਰ ਸਿੱਧਾਰਥ ਨੂੰ ਇਸੇ ਪ੍ਰਸ਼ਨ ਨੇ ਬਿਹਬਲ ਕਰ ਦਿੱਤਾ। ਪ੍ਰਾਣੀ ਕੌਣ ਹੈ? ਕਿਉਂ ਜਨਮ ਲੈਂਦਾ ਹੈ? ਕਿਉਂ ਮਰ ਜਾਂਦਾ ਹੈ? ਪ੍ਰਸ਼ਨ ਅੰਤਰ ਤਕ ਉਤਰ ਗਿਆ। ਮਨ ਬੇਚੈਨ ਹੋ ਗਿਆ। ਇਸੇ ਬੇਚੈਨੀ ਦੀ ਹਾਲਤ ਵਿਚ ਮਹਿਲ ਛੱਡਿਆ, ਘਰ ਬਾਰ ਤਿਆਗਿਆ, ਤਿਨ ਗੁਰੂ ਧਾਰਣ ਕੀਤੇ। ਪ੍ਰਸ਼ਨ ਦਾ ਨਿਰਾਕਰਨ ਨਾ ਹੋਇਆ, ਜਗਿਆਸਾ ਸ਼ਾਂਤ ਨਾ ਹੋਈ। ਅੰਤ ਇਕ ਬੋਧੀ ਬ੍ਰਿਖ ਹੇਠ ਬੈਠ ਗਏ, ਸ਼ਾਂਤ, ਮੌਨ, ਅਵਿਚਲ। ਖੋਜ ਅੰਤਰਮੁਖੀ ਹੋ ਗਈ, "ਸਿਮਰਨ" ਸਾਕਾਰ ਹੋ ਗਿਆ। ਖੋਜ ਦੇ ਸਿਲਸਿਲੇ ਵਿਚ ਹੀ ਸਿਮਰਨ ਦੀ ਗਹਿਰਾਈ 'ਚ ਵਿਚਰਦਾ ਹੋਇਆ ਯੁਵਕ ਸਿਧਾਰਥ ਹੁਣ ਭਗਵਾਨ ਬੁੱਧ ਬਣ ਚੁਕਿਆ ਸੀ। ਸੰਸਾਰ ਮੁਖੀ ਮਨੁੱਖ ਨੂੰ ਕਰਤਾਰ ਵਲ ਮੋੜਨ ਦਾ ਉਪਰਾਲਾ ਹੀ ਭਗਤੀ ਹੈ। ਇਸੇ ਸਥਿਤੀ ਨੂੰ ਮੁਖ ਰਖਕੇ ਜੀਸਸ ਨੇ ਕਿਹਾ, Convertion—ਅਰਥਾਤ ਪਰਿਵਰਤਨ। ਬਦਲੋ ਆਪਣੀ ਜੀਵਨ ਪ੍ਰਣਾਲੀ ਨੂੰ। ਪਰਿਵਰਤਨ ਲਿਆਓ ਆਪਣੀ ਵਿਚਾਰ-ਵਿਧੀ ਵਿਚ! ਕਾਮ ਦੇ ਪ੍ਰਤੀ ਆਸਕਤੀ ਨਹੀਂ, ਰਾਮ ਦੇ ਪ੍ਰਤੀ ਭਗਤੀ ਹੋਵੇ। ਸੰਸਾਰਕ ਸੁੱਖ-ਭੋਗ ਦਾ ਸ਼ੋਰ ਨਹੀਂ, ਪ੍ਰਭੂ-ਸ਼ਰਣ ਦੀ ਪਰਮ ਸ਼ਾਂਤੀ ਹੋਵੇ। ਪੰਜਵੇਂ ਪਾਤਸ਼ਾਹ ਨੇ ਇਸੇ ਪਰਿਵਰਤਨ ਲਈ ਸੂਤ੍ਰ ਦਿੱਤਾ, "ਸਿਮਰਨ"। "ਸਿਮਰਨ" ਹੀ ਗਹਿਰੀ ਘਾਟੀ ਵਿਚ ਉਤਰਦਿਆਂ ਹੀ, ਪ੍ਰਾਣੀ ਵਿਚ ਚੇਤਨਾ ਆ ਗਈ। ਜਨਮਾਂ-ਜਨਮਾਂ ਤੋਂ ਅਗਿਆਨਤਾ ਦੀ ਬੇਹੋਸ਼ੀ ਵਿਚ ਸੁੱਤੇ ਪ੍ਰਾਣੀ ਨੂੰ ਜਿਵੇਂ ਹੋਸ਼ ਆ ਗਈ। ਚੇਤਨਾ ਦੇ ਇਸੇ ਖਿਣ ਵਿਚ ਗਿਆਨ ਦੇ ਇਸੇ ਪ੍ਰਕਾਸ਼ ਵਿਚ "ਪੰਚ ਵੈਰੀਆਂ" ਤੋਂ ਘਿਰੇ ਹੋਣ ਦਾ ਪਹਿਲਾ ਅਹਿਸਾਸ ਹੋਇਆ ਅਤੇ ਪ੍ਰਾਣੀ ਨੇ ਆਤਰ ਭਾਵ ਨਾਲ ਪਰਮੇਸ਼ਰ ਨੂੰ ਪੁਕਾਰਿਆ। ਸੰਕਟ ਵਿਚ ਘਿਰੇ ਕਿਸੇ ਬਾਲਕ ਨੇ "ਪਿਤਾ" ਨੂੰ ਵਾਜਾਂ ਮਾਰੀਆਂ। ਨੀਂਦ ਤੋਂ ਜਾਗੇ ਕਿਸੇ ਅਬੋਧ ਸ਼ਿਸ਼ੂ ਨੇ ਆਪਣੇ ਰੁਦਨ ਨਾਲ ਆਪਣੀ ਰੁਲਾਈ ਨਾਲ "ਮਾਤਾ" ਨੂੰ ਬੁਲਾਉਣ ਦੀ ਕੋਸ਼ਿਸ਼ ਕੀਤੀ। ਪੰਜਵੇਂ ਪਾਤਸ਼ਾਹ ਨੇ ਇਸੇ ਕਾਤਰ ਭਾਵ ਨੂੰ, ਇਸੇ ਸਮਰਪਣ ਨੂੰ "ਸਿਮਰਨ" ਕਿਹਾ।

ਪੂਰਨ ਬ੍ਰਹਮ ਗਿਆਨੀ, ਸ੍ਰੀ ਗੁਰੂ ਅਰਜਨ ਦੇਵ ਜੀ ਦੀ "ਸੁਖਮਨੀ", ਭੌਤਿਕ ਸੁਖ-ਸਾਧਨ ਦਾ ਵਸੀਲਾ ਨਹੀਂ।



Sri Satguru Jagjit Singh Ji eLibrary NamdhariElibrary@gmail.com

ਪਰਮ ਆਨੰਦ ਦਾ ਸੋਮਾ ਹੈ। "ਸਿਮਰਨ" ਤਾਂ ਆਪਣੇ ਹੀ ਅਨੰਤ, ਅਵਿਨਾਸ਼ੀ ਸਰੂਪ ਦਾ ਸਾਖਿਆਤਕਾਰ ਹੈ। ਸਿਮਰਨ ਤਾਂ ਅਨਾਦੀ ਅਨੰਤ, ਬ੍ਰਹਮ ਵਿਚ ਵਿਚਰਨ ਦਾ ਮਾਰਗ ਹੈ, ਪਰਮੇਸ਼ਰ ਦੇ ਕਿਰਦਾਰ ਨੂੰ ਜੀਊਣ ਦੀ ਵਿਧੀ ਹੈ। ਔਰ ਅਤ, ਆਪ ਪਰਮੇਸ਼ਰ ਹੋ ਜਾਣ ਦੀ ਕਲਾ ਹੈ। ਸਿਮਰਨ ਤਾਂ ਉਸ ਸਿੰਘਾਸਨ ਤੇ ਬਿਰਾਜਮਾਨ ਹੋਣ ਦਾ ਸੂਤਰ ਹੈ, ਜਿਥੇ ਪਹੁੰਚ ਕੇ ਕਬੀਰ ਨੇ ਕਿਹਾ :

ਅਬ ਤਉ ਜਾਇ ਚਢੇ ਸਿੰਘਾਸਨਿ
ਮਿਲੇ ਹੈ ਸਾਰਿੰਗ ਪਾਨੀ ॥
ਰਾਮ ਕਬੀਰਾ ਏਕ ਭਏ ਹੈ
ਕੋਇ ਨ ਸਕੈ ਪਛਾਨੀ ॥ (ਰਾਗ ਰਾਮਕਲੀ)

੭੯੬ ਫੇਜ-੧੦ ਮੋਹਾਲੀ

## ਸ਼ਹੀਦ ਭਗਤ ਸਿੰਘ ਦੀ ਯਾਦ 'ਚ ਪਾਕਿਸਤਾਨ ਵਿਚ ਵੀ ਸਮਾਗਮ

ਪਾਕਿਸਤਾਨ ਬਣਨ ਤੋਂ ੫੨ ਸਾਲ ਬਾਦ ਪਹਿਲੀ ਵਾਰ ਪਾਕਿਸਤਾਨ ਦੇ ਮਸ਼ਹੂਰ ਸ਼ਹਿਰ ਲਾਹੌਰ ਵਿਚ ਇਕ ਸਮਾਗਮ ਹੋਇਆ ਹੈ, ਜਿਸ ਵਿਚ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

੨੩ ਮਾਰਚ ੧੯੯੯ ਨੂੰ ਸ਼ਹੀਦ ਭਗਤ ਸਿੰਘ ਦੀ ਬਰਸੀ ਤੇ ਲਾਹੌਰ ਵਿਚ ਹੋਏ ਇਸ ਸਮਾਗਮ ਵਿਚ ਅਖਬਾਰਾਂ ਅਨੁਸਾਰ ਸਿਆਸੀ ਵਰਕਰਾਂ, ਲੇਖਕਾਂ, ਪੱਤਰਕਾਰਾਂ, ਸਭਿਆਚਾਰਕ ਸਰਗਰਮੀਆਂ ਵਿਚ ਲੱਗੇ ਲੋਕਾਂ ਅਤੇ ਵਿਦਿਆਰਥੀਆਂ ਨੇ ਇਸ ਮਹਾਨ ਇਨਕਲਾਬੀ ਨੂੰ ਸ਼ਰਧਾਂਜਲੀ ਭੇਟ ਕੀਤੀ। ਯਾਦ ਰਹੇ ਲਾਹੌਰ ਸ਼ਹੀਦ ਭਗਤ ਸਿੰਘ ਹੋਰਾਂ ਦੀਆਂ ਇਨਕਲਾਬੀ ਸਰਗਰਮੀਆਂ ਦਾ ਗੜ੍ਹ ਰਿਹਾ ਸੀ। ਲਾਹੌਰ ਵਿਚ ਹੀ ਨੈਸ਼ਨਲ ਕਾਲਜ ਵਿਚ ਪੜ੍ਹਦੇ ਹੋਇਆਂ ਉਹਨਾਂ ਨੇ ਭਗਵਤੀ ਚਰਨ ਵੋਹਰਾ, ਸੁਖਦੇਵ, ਜੈ ਦੇਵ ਕਪੂਰ, ਸ਼ਿਵ ਵਰਮਾ ਅਤੇ ਯਸ਼ਪਾਲ ਜਿਹੇ ਨੌਜਵਾਨ ਇਨਕਲਾਬੀ ਸਾਥੀਆਂ ਨਾਲ ਮਿਲਕੇ ਨੌਜਵਾਨ ਭਾਰਤ ਸਭਾ ਬਣਾਈ ਸੀ ਅਤੇ ਇਨਕਲਾਬੀ ਜੀਵਨ ਦੀ ਸ਼ੁਰੂਆਤ ਕੀਤੀ। ਇਥੇ ਹੀ ਉਹਨਾਂ ਸਾਂਡਰਸ ਨੂੰ ਗੋਲੀ ਮਾਰੀ ਅਤੇ ਲਹੌਰ ਦੀ ਹੀ ਕੇਂਦਰੀ ਜੇਲ੍ਹ ਵਿਚ ਉਹ ਕੈਦ ਰਹੇ ਅਤੇ ਇਥੇ ਹੀ ੨੩ ਮਾਰਚ ਸੰਨ ੧੯੩੧ ਨੂੰ ਉਹਨਾਂ ਨੂੰ ਰਾਜ ਗੁਰੂ ਅਤੇ ਸੁਖਦੇਵ ਨਾਲ ਫਾਂਸੀ ਤੇ ਲਟਕਾ ਕੇ ਸ਼ਹੀਦ ਕੀਤਾ ਗਿਆ। ਜਦੋਂ ਲੋਕਾਂ ਨੂੰ ਸ਼ਹੀਦ ਭਗਤ ਸਿਘ ਤੇ ਸਾਥੀਆਂ ਦੀ ਸ਼ਹੀਦੀ ਦਾ ਪਤਾ ਲਗਾ ਤਾਂ ਲਾਹੌਰ ਦੇ ਸਾਰੇ ਵਸਨੀਕ ਰੋਸ ਅਤੇ ਗੁਸੇ ਵਿਚ ਸੜਕਾਂ ਤੇ ਆ ਗਏ ਸਨ। ਪਰ ਪਾਕਿਸਤਾਨ ਬਨਣ ਬਾਦ ਉਥੇ ਪੜ੍ਹਾਈ ਜਾਂਦੀ ਤਾਰੀਖ਼ ਵਿਚੋਂ ਇਹ ਸਭ ਕੁਝ ਗਾਇਬ ਕਰ ਦਿਤਾ ਗਿਆ ਅਤੇ ਅੱਜ ਨਵੀਂ ਪੀੜ੍ਹੀ ਨੂੰ ਪਤਾ ਵੀ ਨਹੀਂ ਕਿ ਭਗਤ ਸਿੰਘ ਕੌਣ ਸੀ।

ਲਾਹੌਰ ਵਿਚ ਜੁੜੇ ਇਹਨਾਂ ਦੋ ਕੁ ਸੌ ਲੋਕਾਂ ਨੇ ਸਮਾਗਮ ਕਰਕੇ ਪਾਕਿਸਤਾਨੀ ਲੋਕਾਂ ਦਾ ਧਿਆਨ ਇਸ ਪਾਸੇ ਖਿਚਿਆ ਹੈ। ਅਖਬਾਰਾਂ ਵਿਚ ਵੀ ਜ਼ਿਕਰ ਹੋਇਆ ਹੈ।

ਇਸ ਮੌਕੇ ਏਲਨ ਵੁਡਜ਼ ਦੀ ਕਿਤਾਬ "ਰੀਜਨ ਇਨ ਰਿਵੋਲਟ" ਦੇ ਉਰਦੂ ਐਡੀਸ਼ਨ ਦੀ ਘੁੰਡ ਚੁਕਾਈ ਕੀਤੀ ਗਈ। ਇਸ ਸਮਾਗਮ ਦਾ ਜ਼ਿਆਦਾ ਸਮਾਂ ਭਗਤ ਸਿੰਘ ਦੇ ਜ਼ਿਕਰ ਦੁਆਲੇ ਘੁੰਮਦਾ ਰਿਹਾ। ਸਮਾਗਮ ਦੀ ਪ੍ਰਧਾਨਗੀ 'ਜੰਗ' ਅਖਬਾਰ ਦੇ ਮਸ਼ਹੂਰ ਫੀਚਰ ਲੇਖਕ ਮਨੂੰ ਭਾਈ ਨੇ ਕੀਤੀ। ਸਟੇਜ ਉਤੇ ਭਗਤ ਸਿੰਘ ਦੀ ਤਸਵੀਰ ਵੀ ਰੱਖੀ ਗਈ। ਇਸ ਸਮਾਗਮ ਦੇ ਮੁਖ ਬੁਲਾਰੇ ਸਨ—ਪਾਕਿਸਤਾਨ 'ਚ ਛਪਦੇ ਪੰਦਰਾ-ਰੋਜ਼ਾ ਰਸਾਲੇ 'ਜਦੋਜਹਿਦ' ਦੇ ਸੰਪਾਦਕ ਮਨਜ਼ੂਰ ਅਹਿਮਦ, ਲੰਡਨ ਤੋਂ ਛਪਦੇ ਰਸਾਲੇ 'ਸੋਸ਼ਲਿਸਟ ਅਪੀਲ' ਦੇ ਸੰਪਾਦਕ ਏਲਨ ਵੁਡਜ਼, ਭਾਰਤ ਵਿਚ ਛਪਦੇ ਰਸਾਲੇ 'ਇਤਿਹਾਸ ਬੋਧ' ਦੇ ਸੰਪਾਦਕ ਡਾ. ਲਾਲ ਬਹਾਦਰ ਵਰਮਾ। ਸਮਾਗਮ ਵਿਚ ਇਹ ਨਿਰਣਾ ਲਿਆ ਗਿਆ ਕਿ ਹਰ ਸਾਲ ਇਹ ਸ਼ਹੀਦੀ ਦਿਵਸ ਮਨਾਇਆ ਜਾਇਆ ਕਰੇ।

## ਜਸਕਰਨ ਸਿੰਘ ਨੂੰ ਗੋਲਡ ਮੈਡਲ

੧੨ ਤੋਂ ੧੩ ਫ਼ਰਵਰੀ ੧੯੯੯ ਨੂੰ ਹੋਏ ਜੰਮੂ ਕਸ਼ਮੀਰ ਦੇ ਸਟੇਟ ਪੱਧਰ ਦੇ ਸਬ ਜੂਨੀਅਰ ਰੋਲਰ ਸਕੇਟਿੰਗ ਮੁਕਾਬਲਿਆਂ ਵਿਚ ਕਾਕਾ ਜਸਕਰਨ ਸਿੰਘ ਉਮਰ ਸਾਢੇ ੯ ਸਾਲ ਸਪੁੱਤਰ ਸ. ਅਵਤਾਰ ਸਿੰਘ ਨਾਮਧਾਰੀ ਨੇ ਤਿੰਨ ਸੋਨੇ ਦੇ ਮੈਡਲ ਤਾਂ ਤਿੰਨ ਖੇਡਾਂ, ਰਿੰਗ ਸਕੇਟਿੰਗ, ਆਬਸਟੇਕਲ ਰੇਸ (ਅੜਿਕਾ ਦੌੜ) ਅਤੇ ਫੇਸ਼ਨ ਡੀਜ਼ਾਈਨ ਸ਼ੋਅ ਵਿਚ ਜਿਤੇ ਅਤੇ ਚਾਂਦੀ ਦਾ ਮੈਡਲ ਸੜਕ ਦੌੜ (ਰੋਡ ਰੇਸ) ਵਿਚ ਜਿਤਿਆ ਹੈ। ਇਸ ਹੋਣਹਾਰ ਬੱਚੇ ਦੀ ਸਭ ਪਾਸਿਆਂ ਜੋਂ ਪਰਸੰਸਾ ਹੋਈ। ਮੁਖ਼ ਮਹਿਮਾਨ ਸ੍ਰੀ ਅਸ਼ੋਕ ਗੁਪਤਾ ਐਸ.ਐਸ.ਪੀ. ਜੰਮੂ ਨੇ ਇਨਾਮ ਵੰਡ ਕੇ ਬੱਚਿਆਂ ਨੂੰ ਸ਼ਾਬਾਸ ਦਿਤੀ। ਕਾਕਾ ਜਸਕਰਨ ਸਿੰਘ ਜੰਮੂ ਦੇ ਮਸ਼ਹੂਰ ਮਹਾਂਪੁਰਖ ਸੰਤ ਜਗਤ ਸਿੰਘ ਖਾਰੇਵਾਲਿਆਂ ਦਾ ਪੜਪੋਤਰਾ ਅਤੇ ਸਵ: ਸ. ਬਖਸ਼ੀਸ਼ ਸਿੰਘ ਐਨਜੀਨੀਅਰ ਦਾ ਪੋਤਰਾ ਹੈ।



Sri Satguru Jagjit Singh Ji eLibrary NamdhariElibrary@gmail.com

# OSTER®

Regd. Trade Mark No. 491851

*Cardigans* • *Pullovers*

*Ante date Knitters*

A Quality Product of

## UDEY KNITWEARS

*Manufacturers & Exporters*

A GOVT. RECOGNISED EXPORT HOUSE

Udey Complex, Dugri Road, P.O. Miller Ganj, LUDHIANA

PHONES : 494841, 494851

Fax No. : 91-161-494131

Delhi-Tele/Fax : 91-011-2451301


Sri Satguru Jagjit Singh Ji eLibrary NamdhariElibrary@gmail.com

# ਆਬ ਆਬ ਤੇ ਪੰਜਾਬ

— ਸਈਅਦ ਆਸਫ਼ ਸ਼ਾਹਕਾਰ (ਸਵੀਡਨ)

ਆਬ ਆਬ ਕਰੇਂਦਾ ਮੋਇਓਂ,
ਫਾਰਸੀਆਂ ਘਰ ਗਾਲੇ।

ਆਬ ਆਬ ਕਰਨ ਤੇ ਮੌਤ ਦੀ ਇਹ ਕਹਾਣੀ ਕਿਸੇ ਪੰਜਾਬੀ ਤੋਂ ਭੁਲੀ ਨਹੀਂ ਹੋਈ। ਏਸ ਕਹਾਣੀ ਦੇ ਨਾ ਭੁਲਣ ਦੀ ਇਕ ਵਜਹ ਇਹ ਹੈ ਕਿ ਇਹ ਕਹਾਣੀ ਕਦੇ ਪੁਰਾਣੀ ਨਹੀਂ ਹੋਈ ਸਗੋਂ ਪੰਜਾਬ ਵਿਚ ਹਰ ਜ਼ਮਾਨੇ ਵਿਚ ਦੁਹਰਾਈ ਜਾਂਦੀ ਰਹੀ ਏ। ਹਾਲ ਘੜੀ ਦੇ ਪੰਜਾਬ ਵਿਚ ਏਸ ਨੂੰ ਦੁਹਰਾਣ ਦੀ ਕੋਸ਼ਿਸ਼ ਜਾਰੀ ਏ। ਇਕ ਪਾਸੇ ਇਕ ਤੁਸਾ ਪੁੱਤਰ ਪਾਣੀ ਨੂੰ ਆਬ ਕਹਿਣ ਦੀ ਜ਼ਿਦੇ ਪਿਆ ਹੋਇਆ ਸੀ ਤੇ ਦੂਜੇ ਪਾਸੇ ਉਸ ਦੀ ਲਾਚਾਰ ਤੇ ਬੇਵਸੀ ਮਾਂ ਆਬ ਆਬ ਦੀ ਘੁੰਡੀ ਖੋਲ੍ਹਣ ਦੇ ਤਰਲੇ ਕਰਦੀ ਰਹੀ ਤੇ ਉਹਦਾ ਇਹ ਦਿਮਾਗ ਧੋਤਾ ਪੁੱਤਰ ਆਬ ਨੂੰ ਪਾਣੀ ਨਾ ਆਖ ਸਕਿਆ ਤੇ ਤੇਹ ਨਾਲ ਤੜਪ ਤੜਪ ਕੇ ਚਲਾਣਾ ਕਰ ਗਿਆ।

ਵੇਖਣ ਨੂੰ ਇਹ ਇਕ ਮਜ਼ਾਕੀਆ ਡਰਾਮਾ ਲਗਦਾ ਏ ਪਰ ਹਕੀਕਤ ਵਿਚ ਇਸ ਦੇ ਪਿਛੇ ਦਰਦ ਤੇ ਦੁਖ਼ ਦਾ ਇਕ ਠਾਠਾਂ ਮਾਰਦਾ ਸਮੁੰਦਰ ਲੁਕਿਆ ਹੋਇਆ ਏ। ਭਾਵੇਂ ਏਸ ਕਹਾਣੀ ਦਾ ਅੰਤ ਤੇ ਨਤੀਜਾ ਵੀ ਇਸ ਵਿਚ ਮੌਜੂਦ ਏ ਪਰ ਆਬ ਆਬ ਕਰਨ ਦਾ ਲਾਲਚ ਆਬ ਆਬ ਕਰਨ ਵਾਲੇ ਨੂੰ ਏਸ ਦੇ ਅੰਤ ਤੋਂ ਅੰਨਾ ਕਰ ਦੇਂਦਾ ਏ ਤੇ ਇਹ ਬੰਦਾ ਆਬ ਆਬ ਕਰਦਾ ਮੌਤ ਦੇ ਖੱਡੇ ਵਿਚ ਜਾ ਡਿੱਗਦਾ ਏ।

ਹੁਣ ਦੇਖ਼ਣ ਵਾਲੀ ਗੱਲ ਏ ਐ ਕਿ ਓਹ ਕਿਹੜਾ ਜਾਦੂ ਏ ਜੋ ਬੰਦੇ ਨੂੰ ਏਸ ਆਬ ਆਬ ਦੇ ਜਾਲ ਵਿਚ ਫਸਾ ਲੈਂਦਾ ਏ। ਏਸ ਗੱਲ ਦਾ ਜੁਆਬ ਪੰਜਾਬ ਦੀ ਤਾਰੀਖ ਵਿਚ ਮੌਜੂਦ ਏ। ਮੈਂ ਜਿਵੇਂ ਹਮੇਸ਼ ਆਖਦਾ ਆਂ ਕਿ ਜਦ ਰੱਬ ਧਰਤੀ ਬਨਾਉਣ ਲਗਾ ਤੇ ਓਹਨੇ ਪੰਜਾਬ ਨੂੰ ਵਿਹਲਿਆਂ ਬੈਠ ਕੇ ਬਣਾਇਆ ਤੇ ਇਹਨੂੰ ਬਨਾਉਣ ਲਗਿਆਂ ਓਹਨੇ ਸਾਰੀਆਂ ਰੀਝਾਂ ਲਾਹੀਆਂ। ਫਿਤਰਤ ਦੇ ਬੇਹਸਾਬੇ ਹੁਸਨ ਤੋਂ ਵੱਖ ਰੱਬ ਨੇ ਪੰਜਾਬ ਨੂੰ ਹਰ ਰੰਗ ਦੀ ਮਿੱਟੀ ਦਿੱਤੀ ਤੇ ਏਸ ਮਿੱਟੀ ਨੂੰ ਪੰਜ ਪਾਣੀ ਰੱਜ ਤੇ ਖੁਸ਼ਹਾਲੀ ਦੀ ਜਾਗ ਲਾਉਂਦੇ ਰਹੇ। ਰੱਜ ਇਕ ਮਿਕਨਾਤੀਸ ਏ ਜੋ ਭੁੱਖੇ ਵਜੂਦਾਂ ਨੂੰ ਆਪਣੇ ਵੱਲ ਖਿੱਚਦਾ ਏ।

ਪੇਟ ਨਾ ਪਈਆਂ ਰੋਟੀਆਂ,
ਤੇ ਸਭੇ ਗੱਲਾਂ ਖੋਟੀਆਂ।

ਜੇਕਰ ਇਹ ਖੋਟ ਇਕ ਇਨਸਾਨ ਨੂੰ ਦਰ ਦਰ ਦੇ ਧੱਕੇ ਖਵਾਉਂਦਾ ਏ ਤੇ ਇਹੋ ਈ ਖੋਟ ਇਕ ਇਨਸਾਨ ਨੂੰ ਪਸ਼ੂ ਤੇ ਦਰਿੰਦਾ ਵੀ ਬਣਾ ਦਿੰਦਾ ਏ ਤੇ ਇਕ ਇਨਸਾਨ ਆਪਣੀ ਇਨਸਾਨੀਅਤ ਨੂੰ ਛੱਡ ਕੇ ਆਦਮਖੋਰ ਬਣ ਜਾਂਦਾ ਏ। ਪੰਜਾਬ ਦੀ ਸਾਰੀ ਤਾਰੀਖ ਇਹਨਾਂ ਆਦਮਖੋਰਾਂ ਦੇ ਟਾਕਰੇ ਨਾਲ ਭਰੀ ਪਈ ਏ ਤੇ ਬਦਕਿਸਮਤੀ ਇਹ ਕਿ ਇਹਨਾਂ ਆਦਮਖੋਰਾਂ ਦੀ ਈ ਅਕਸਰ ਜਿੱਤ ਹੋਈ। ਮੰਤਕ Logic ਰਾਹੀਂ ਇਹ ਜਿੱਤ ਹਕੀਕਤ ਦੇ ਉਲਟ ਦਿਸਦੀ ਏ। ਰਜਿਆ ਬੰਦਾ ਹਮੇਸ਼ਾ ਤਗੜਾ ਹੁੰਦਾ ਏ ਤੇ ਮਾੜੇ ਬੰਦੇ ਨੂੰ ਥੱਲੇ ਲਾ ਕੇ ਓਸ ਤੇ ਰਾਜ ਕਰਦਾ ਏ ਪਰ ਰੱਜੇ ਪੰਜਾਬ ਉਤੇ ਰਾਜ ਕਰਨ ਭੁੱਖੇ ਤੇ ਮਾੜੇ ਆਏ ਤੇ ਉਹਨਾਂ ਤਗੜਿਆਂ ਨੂੰ ਢਾਹ ਲਿਆ। ਇਹ ਕਿਉਂ ਹੋਇਆ। ਏਸ ਦੀ ਇਕ ਵਜਹ ਇਹ ਵੀ ਏ ਕਿ ਰੱਜ ਤੇ ਖੁਸ਼ਹਾਲੀ ਬੰਦੇ ਨੂੰ ਇਲਮ ਕਲਾ ਤੇ ਅਮਨ ਵਲ ਲੈ ਜਾਂਦੇ ਹਨ ਤੇ ਬੰਦਾ ਤਲਵਾਰ ਦਾ ਧਨੀ ਹੋਣ ਦੀ ਬਜਾਏ ਸੋਚਾਂ ਖਿਆਲਾਂ, ਸੁਰਾਂ ਤਾਲਾਂ, ਰੰਗਾਂ ਤੇ ਬੁੱਤ ਤਰਾਸ਼ੀ ਜਾ ਧਨੀ ਹੋ ਜਾਂਦਾ ਏ। ਇਹਨਾਂ ਸੋਚਾਂ ਸੁਰਾਂ ਤਾਲਾਂ ਰੰਗਾਂ ਤੇ ਸੰਗ ਤਰਾਸ਼ੀ ਦੇ ਪਾਵਿਆਂ ਤੇ ਉਹ ਤਖ਼ਤ ਖਲੋਂਦਾ ਏ ਜਿਹਦੇ ਤੇ ਅਮਨ ਤੇ ਸ਼ਾਂਤੀ ਦੀ ਦੇਵੀ ਬਹਿ ਕੇ ਰਾਜ ਕਰਦੀ ਏ ਤੇ ਇਹਦੇ ਰਾਜ ਵਿਚ ਹਥਿਆਰ ਬਦਸੂਰਤੀ ਦੀ ਸੈਨਤ ਬਣ ਜਾਂਦੇ ਹਨ। ਏਸ ਗੱਲ ਦਾ ਸਬੂਤ ਲੱਭਣ ਲਈ ਸਾਨੂੰ ਦੂਰ ਜਾਣ ਦੀ ਲੋੜ ਨਹੀਂ ਏ। ਹੜਪਾ ਮਹਿੰਜੋਦਾੜੋ ਤੇ ਟੈਕਸਲਾ ਦੇ ਖੰਡਰ ਏਸ ਗੱਲ ਦੀ ਗਵਾਹੀ ਦੇਂਦੇ ਹਨ ਕਿ ਇਹਨਾਂ ਖੰਡਰਾਂ ਵਿਚੋਂ ਸਭ ਕੁਝ ਲਭਿਆ ਸਿਵਾਏ ਹਥਿਆਰਾਂ ਦੇ।

ਇਹਨਾਂ ਭੁੱਖੇ ਤੇ ਮਾੜੇ ਧਾੜਵੀਆਂ ਦੀ ਜਿੱਤ ਦੀ ਦੂਜੀ ਵਜ੍ਹਾ ਉਹ ਕੈਂਸਰ ਏ ਜੋ ਪੰਜਾਬ ਨੂੰ ਜਨਮ ਜਨਮ ਤੋਂ ਲਗਾ ਹੋਇਆ ਏ ਜਿਹਦਾ ਨਾਂ ਸ਼ਰੀਕਦਾਰੀ ਜਾਂ ਇਕਮੁੱਠ ਨਾ ਹੋਣਾ ਏ। ਏਸ ਸ਼ਰੀਕਾਬਾਜ਼ੀ ਨੇ ਪੰਜਾਬੀਆਂ ਦੀ ਇਕ ਦੂਜੇ ਦੀ ਵੱਢ ਟੁੱਕ ’ਤੇ ਲਾਈ ਰਖਿਆ ਤੇ ਦੂਜੇ ਪਾਸੇ ਇਹ ਉਹ ਫੈਕਟਰੀ ਸੀ ਜਿਥੋਂ ਪੰਜਾਬ ਦੁਸ਼ਮਣ ਪੰਜਾਬੀ ਕਾਰਿੰਦੇ ਪੈਦਾ ਕੀਤੇ ਗਏ। ਇਹ ਨਾ ਸਿਰਫ਼ ਦੁੱਖ਼ ਦੀ ਗੱਲ ਏ ਸਗੋਂ ਅਪਣੀ ਥਾਂ ਇਕ ਨੰਗੀ ਬੇਹਯਾਈ ਵੀ ਏ ਕਿ ਜੇਕਰ ਕਦੇ ਪੰਜਾਬ ਦੇ ਸਪੁੱਤਰਾਂ ਨਾਲ ਕਪੁਤਰਾਂ ਦੀ ਲਿਸਟ ਬਣਾਈ ਜਾਵੇ ਤੇ ਸ਼ੈਤ ਇਹਨਾਂ ਕਪੁਤਰਾਂ ਦੀ ਲਿਸਟ ਲੰਬੀ ਹੋ ਜਾਵੇਗੀ। ਇਹ ਕਪੁੱਤਰ ਸਾਨੂੰ ਹਰ ਪੱਧਰ ’ਤੇ ਮਿਲਦੇ ਹਨ। ਕਦੇ ਇਹ ਜੰਗ ਦੇ ਮੈਦਾਨ ਵਿਚ ਪੰਜਾਬ ਦੇ ਵੈਰੀਆਂ ਦੇ



Sri Satguru Jagjit Singh Ji eLibrary NamdhariElibrary@gmail.com

ਮੋਢੇ ਨਾਲ ਮੋਢਾ ਜੋੜ ਕੇ ਪੰਜਾਬ ਦੀ ਕੰਡ ਲਵਾਂਦੇ ਦਿਸਦੇ ਹਨ ਤੇ ਕਦੇ ਇਹ ਘਰ ਦੇ ਭੇਤੀ ਬਣ ਕੇ ਪੰਜਾਬੀਆਂ ਦੀਆਂ ਖਾਮੀਆਂ ਤੇ ਕਮਜ਼ੋਰੀਆਂ ਦੇ ਸਾਰੇ ਸਬਕ ਦੁਸ਼ਮਨਾਂ ਨੂੰ ਪੜ੍ਹਾ ਰਹੇ ਹੁੰਦੇ ਹਨ। ਇਹਨਾਂ ਕਪੁਤਰਾਂ ਦਾ ਕੰਮ ਪੰਜਾਬ ਦੁਸ਼ਮਨ ਧਾੜਵੀਆਂ ਦੀ ਫਤਹਿ ਤੇ ਈ ਨਹੀਂ ਮੁੱਕ ਜਾਂਦਾ ਸਗੋਂ ਫ਼ਤਹਿ ਮਗਰੋਂ ਇਹ ਪੰਜਾਬ ਦੁਸ਼ਮਣ ਤਾਕਤਾਂ ਦੇ ਰਾਜ ਨੂੰ ਪਕਿਆਂ ਪੀਡਿਆਂ ਕਰਨ ਵਾਸਤੇ ਹਰ ਹੀਲਾ ਕਰਦੇ ਨਜ਼ਰ ਆਂਵਦੇ ਹਨ। ਇਹਨਾਂ ਹੀਲਿਆਂ ਵਿਚੋਂ ਸਭ ਤੋਂ ਖਤਰਨਾਕ ਤੇ ਤਬਾਹਕੁਨ ਹੀਲਾ ਪੰਜਾਬੀਆਂ ਦੀ ਸ਼ਨਾਖਤ ਜਾਂ ਪਛਾਣ ਨੂੰ ਤਬਦੀਲ ਕਰਨ ਦੀਆਂ ਸਕੀਮਾਂ ਤੇ ਮਨਸੂਬੇ ਰਹੇ ਹਨ। ਕਿਸੇ ਵੀ ਕੌਮ ਦੀ ਪਛਾਣ ਦੀ ਪਹਿਲੀ ਨਿਸ਼ਾਨੀ ਉਹਦੀ ਜ਼ਬਾਨ ਹੋਂਦੀ ਏ। ਏਸ ਪਛਾਣ ਨੂੰ ਖੋਹਣ ਦਾ ਇਕ ਤਰੀਕਾ ਤੇ ਇਹ ਰਹਿਆ ਏ ਕਿ ਏਸ ਕੌਮ ਤੋਂ ਇਹਦੀ ਜ਼ਬਾਨ ਖੋਹ ਕੇ ਉਸ ਤੇ ਇਕ ਓਪਰੀ ਜ਼ਬਾਨ ਮੜ੍ਹ ਦਿਤੀ ਗਈ। ਦੂਜਾ ਤਰੀਕਾ ਮ਼ੀਸਣਾ ਤੇ ਹੋਰ ਵੀ ਖਤਰਨਾਕ ਏ। ਏਸ ਤਰੀਕੇ ਰਾਹੀਂ ਭਾਵੇਂ ਜ਼ਬਾਨ ਨਹੀਂ ਖ਼ੋਹੀ ਜਾਂਦੀ ਪਰ ਏਸ ਜ਼ਬਾਨ ਵਿਚੋਂ ਲੋਕਾਂ ਦੇ ਲਫ਼ਜ਼ ਕੱਢ ਕੇ ਉਹਨਾਂ ਦੀ ਥਾਂ ਹਾਕਮਾਂ ਦੀ ਜ਼ਬਾਨ ਦੇ ਲਫ਼ਜ਼ ਘਸੋੜ ਦਿਤੇ ਗਏ। ਏਸ ਤਰ੍ਹਾਂ ਜੇ ਇਕ ਪਾਸੇ ਨਵੀਂ ਨਸਲ ਨੂੰ ਉਹਦੇ ਪਿਓ ਦਾਦੇ ਦੇ ਤਾਰੀਖੀ ਵਿਰਸੇ ਤੋਂ ਮਹਿਰੂਮ ਕਰ ਕਰ ਦਿਤਾ ਜਾਂਦਾ ਅਤੇ ਦੂਜੇ ਪਾਸੇ ਪਹਿਲੀ ਨਸਲ ਦੀ ਨਾਬਰੀ ਬਗਾਵਤ ਤੇ ਦੇਸ਼ ਪਿਆਰ ਦੇ ਧਾਰੇ ਅਗੇ ਡੱਕਾ ਲਾਉਣ ਦੀ ਕੋਸ਼ਿਸ਼ ਕੀਤੀ ਗਈ।

ਏਸ ਤਰੀਕੇ ਵਿਚ ਕਈ ਚਲਾਕੀਆਂ ਹੁੰਦੀਆਂ ਹਨ। ਪਹਿਲੀ ਇਹ ਕਿ ਨਵੀਂ ਨਸਲ ਨੂੰ ਏਸ ਗੱਲ ਦਾ ਯਕੀਨ ਦਿਵਾਇਆ ਜਾਂਦਾ ਏ ਕਿ ਉਹਦੇ ਪਿਓ ਦਾਦੇ ਦਾ ਰਹਿਤਲੀ (ਸਭਿਆਚਾਰਕ) ਵਿਰਸਾ ਅਸਲ ਵਿਚ ਗੈਰ ਮਹਜ਼ਬ (Uncivilized) ਹੋਣ ਦਾ ਕਾਰਨ ਏ। ਜੋ ਏਸ ਗੱਲ ਨੂੰ ਮੰਨ ਲੈਂਦੇ ਹਨ ਉਹਨਾਂ ਦੇ ਮੂੰਹ ਵਿਚ ਹੱਡੀ ਦੇਣ ਲਈ ਉਹਨਾਂ ਨੂੰ ਇਨਾਮ ਕਰਾਮ ਤੋਂ ਵੱਖ ਰੁਤਬੇ ਤੇ ਅਹੁਦੇ ਵੀ ਦਿਤੇ ਜਾਂਦੇ ਹਨ। ਏਸ ਰਹਿਤਲੀ (ਸਭਿਆਚਰਕ) ਗ਼ਦਾਰੀ ਨੂੰ ਸਰਕਾਰੀ ਨਗਾਰੇ ਇਲਮ ਤਹਿਜ਼ੀਬ ਤੇ ਮਾਡਰਨ ਹੋਣ ਦਾ ਨਾਂ ਦੇਂਦੇ ਹਨ। ਜ਼ਬਾਨ ਦੀ ਤਬਦੀਲੀ ਅਸਲ ਵਿਚ ਸੋਚ ਦੀ ਤਬਦੀਲੀ ਹੁੰਦੀ ਏ ਤੇ ਇਹ ਤਬਦੀਲੀ ਸੋਚ ਨਾਲ ਬੰਦੇ ਦੀਆਂ ਵਫ਼ਾਦਾਰੀਆਂ ਨੂੰ ਵੀ ਤਬਦੀਲ ਕਰ ਦੇਂਦੀ ਏ। ਬੰਦਾ ਆਪਣੀ ਜ਼ਮੀਨ ਰਾਹੀਂ ਸੋਚਣ ਦੀ ਬਜਾਏ ਇਕ ਸਰਕਾਰੀ ਚਾਬੀ ਦਾ ਬਾਵਾ ਬਣ ਜਾਂਦਾ ਏ। ਉਹ ਆਪਣਾ ਸੱਚਾ ਜਾਂ ਝੂਠਾ ਇਲਮ ਆਪਣੀ ਜੰਮਣ ਧਰਤੀ ਤੇ ਏਸ ਦੇ ਵਸਨੀਕਾਂ ਦੇ ਫੈਦੇ ਤੇ ਵਾਧੇ ਲਈ ਵਰਤਨ ਦੀ ਬਜਾਏ ਇਹਨੂੰ ਓਪਰੀ ਜ਼ਬਾਨ ਦੀ ਪਾਣ ਚਾੜ੍ਹ ਕੇ ਲੋਕਾਂ ਤੋਂ ਲੁਕਾਉਂਦਾ ਏ। ਏਸ ਦਾ ਇਹ ਇਲਮ ਕੁਝ ਹਲਕਿਆਂ ਵਿਚ ਘੁੰਮ ਫਿਰ ਕੇ ਮੁੱਕ ਜਾਂਦਾ ਏ। ਏਸ ਇਲਮ ਦਾ ਮਕਸਦ ਨਾ ਤੇ ਲੋਕਾਂ ਤੀਕ ਅਪੜਨਾ ਹੁੰਦਾ ਏ ਤੇ ਨਾ ਈ ਇਹ ਵਿਦਵਾਨ ਧਰਤੀ ਨਾਲ ਰਿਸ਼ਤਾ ਜੋੜਦਾ ਏ। ਇਹ ਆਪਣਾ ਰਿਸ਼ਤਾ ਸਿਰਫ਼ ਉਹਨਾਂ ਨਾਲ ਜੋੜਦਾ ਏ ਜੋ ਉਹਦੇ ਵਰਗੇ ਰੰਗ ਵਿਚ ਰੰਗੇ ਹੁੰਦੇ ਹਨ। ਹਰ ਰਹਿਤਲ ਦਾ ਮੂੰਹ ਮੁਹਾਂਦਰਾ ਜ਼ਬਾਨ ਹੁੰਦੀ ਏ ਤੇ ਏਸ ਮੂੰਹ ਮੁਹਾਂਦਰੇ ਦਾ ਪਿੰਡ ਰਹਿਤਲ ਹੁੰਦਾ ਏ। ਜਦ ਇਕ ਓਪਰੀ ਜ਼ਬਾਨ ਕਿਸੇ ਧਰਤੀ ਤੇ ਮੜ੍ਹੀ ਜਾਂਦੀ ਏ ਤੇ ਇਹ ਸਿਰਫ਼ ਜ਼ਬਾਨ ਈ ਨਈਂ ਹੁੰਦੀ ਸਗੋਂ ਇਕ ਓਪਰੀ ਰਹਿਤਲ (ਸਭਿਆਚਾਰ) ਚੋਰ ਦਰਵਾਜ਼ੇ ਰਾਹੀਂ ਅੰਦਰ ਵੜ ਰਹੀ ਹੁੰਦੀ ਏ। ਇਹ ਓਪਰੀ ਰਹਿਤਲ ਆਪਣੇ ਨਾਲ ਇਕ ਹੋਰ ਤਾਰੀਖ ਲੈ ਕੇ ਆਂਵਦੀ ਏ। ਏਸ ਦੇ ਹੀਰੋ ਹੋਰ ਹੋਂਦੇ ਹਨ ਤੇ ਇਹਦੇ ਦੁਸ਼ਮਣਾਂ ਦੀ ਲਿਸਟ ਵੀ ਹੋਰ ਹੋਂਦੀ ਏ। ਏਸ ਤਬਦੀਲੀ ਰਾਹੀਂ ਪੁਰਾਣੇ ਹੀਰੋ ਗਦਾਰ ਬਣ ਜਾਂਦੇ ਹਨ ਤੇ ਗ਼ਦਾਰ ਹੀਰੋ ਅਖਵਾਣ ਲਗ ਪੈਂਦੇ ਹਨ। ਏਸ ਦੀ ਸਿਧ ਪਧਰੀ ਮਿਸਾਲ ਲਹਿੰਦੇ ਪੰਜਾਬ ਵਿਚ ਮਿਲਦੀ ਏ ਜਿਥੇ ਉਰਦੂ ਨੇ ਪੰਜਾਬੀ ਨੂੰ ਦੇਸ ਨਿਕਾਲਾ ਦੇ ਕੇ ਭਗਤ ਸਿੰਘ ਨੂੰ ਕਾਫ਼ਰ ਬਣਾ ਦਿਤਾ ਅਤੇ ਅਹਿਮਦ ਖਾਂ ਖਰਲ ਤੇ ਦੁੱਲਾ ਭੱਟੀ ਡਾਕੂ ਬਣ ਗਏ। ਅੰਗਰੇਜ਼ੀ ਰਾਜ ਨੂੰ ਵਫ਼ਾਦਾਰ ਮੁਲਾਜ਼ਮ ਤੇ ਨੌਕਰ ਸਪਲਾਈ ਕਰਨ ਵਾਲੇ ਹੀਰੋ ਬਣ ਗਏ ਹਨ। ਏਥੇ ਆਬ ਆਬ ਕਰਨਾ ਰੁੱਤਬੇ ਤੇ Civilized ਹੋਣ ਦੀ ਜ਼ਮਾਨਤ ਬਣ ਗਈ ਏ। ਚੜ੍ਹਦੇ ਪੰਜਾਬ ਵਿਚ ਆਬ ਆਬ ਕਰਨ ਦੀ ਸੂਰਤ ਲਹਿੰਦੇ ਪੰਜਾਬ ਤੋਂ ਕੁਝ ਵਖਰੀ ਏ। ਏਥੇ ਪੰਜਾਬੀ ਨੂੰ ਮੂਲੋਂ ਛ ਕੇ ਸਿੱਧਾ ਹਿੰਦੀ ਵਿਚ ਆਬ ਆਬ ਕਰਨ ਦਾ ਰਵਾਜ ਘੱਟ ਏ ਪਰ ਇਹਦੀ ਸੂਰਤ ਪੰਜਾਬੀ ਦੀ ਛਾਣ ਫ਼ਟਕ ਬਣ ਗਈ ਏ। ਏਸ ਛਾਣ ਫਟਕ ਰਾਹੀਂ ਕੁਝ ਮੁੱਢਲੇ ਲਫ਼ਜ਼ ਜਿਵੇਂ ਇਹ ਓਹ ਦਾ ਦੀ ਵਿਚ ਅਤੇ ਵਗੈਰਾ ਨੂੰ ਛੱਡਕੇ ਪੰਜਾਬੀ ਦੇ ਬਾਕੀ ਲਫ਼ਜ਼ਾਂ ਨੂੰ ਛਾਣ ਕੇ ਵਖਰਾ ਕਰ ਲਿਆ ਜਾਂਦਾ ਏ ਤੇ ਇਹਦੀ ਥਾਂ ਹਿੰਦੀ ਲਫ਼ਜ਼ ਘਸੋੜ ਦਿਤੇ ਜਾਂਦੇ ਹਨ ਤੇ ਏਸ ਬਨਾਉਟੀ ਪੰਜਾਬੀ ਨੂੰ ਓਹੋ ਦਰਜਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਏ ਜੋ ਲਹਿੰਦੇ ਪੰਜਾਬ ਵਿਚ ਉਰਦੂ ਨੂੰ ਤੇ ਹਿੰਦੁਸਤਾਨ ਦੇ ਕੁਝ ਸੂਬਿਆਂ ਵਿਚ ਹਿੰਦੀ ਨੂੰ। ਜੋ ਵਿਦਵਾਨ ਅਪਣੇ ਦਿਤੇ ਪਰਚੇ ਜਾਂ



Sri Satguru Jagjit Singh Ji eLibrary NamdhariElibrary@gmail.com

ਲੇਕਚਰ ਵਿਚ ਜਿਤਨੇ ਬਹੁਤੇ ਹਿੰਦੀ ਦੇ ਲਫ਼ਜ਼ ਵਰਤਦਾ ਏ ਉਹ ਆਪਣੇ ਨੂੰ ਇਤਨਾ ਹੀ ਪੜ੍ਹਿਆ ਲਿਖਿਆ ਤੇ ਭਾਰਾ ਗੌਰਾ (Civilized) ਸਮਝਦਾ ਏ। ਇਹ ਇਕ ਸੌਦਾਈ ਦੌੜ ਏ ਜਿਹਦਾ ਅੰਤ ਖੌਰੇ ਕੀ ਹੋਵੇਗਾ।

ਲਹਿੰਦੇ ਤੇ ਚੜ੍ਹਦੇ ਪੰਜਾਬ ਵਿਚ ਉਰਦੂ ਤੇ ਹਿੰਦੀ ਰਾਹੀਂ ਪੜ੍ਹਿਆ ਲਿਖਿਆਂ ਤੇ ਭਾਰਾ ਗੌਰਾ (civilized) ਹੋਣ ਦਾ ਵਹਿਮ (complex) ਇਸ ਹੱਦ ਤਕ ਯਕੀਨ ਦੀ ਸੂਰਤ ਬਣ ਗਿਆ ਕਿ ਇਹਦਾ ਮੁਕਾਬਲਾ ਕਿਸੇ ਮਜ਼ਹਬੀ ਅਕੀਦੇ (ਸ਼ਰਧਾ) ਨਾਲ ਕੀਤਾ ਜਾ ਸਕਦਾ ਏ। ਜਦ ਕਿ ਹਕੀਕਤ ਏਸ ਦੇ ਉਲਟ ਏ। ਮੈਂ ਹਮੇਸ਼ ਇਸ ਗੱਲ ਦਾ ਚੈਲੰਜ ਕੀਤਾ ਏ ਕਿ ਮੈਨੂੰ ਦੁਨੀਆ ਦਾ ਕੋਈ ਬੰਦਾ ਕੋਈ ਅਜਿਹਾ ਮੇਚ ਤੋਲ ਵਿਖਾ ਦੇਵੇ ਜੋ ਇਹ ਸਾਬਤ ਕਰੇ ਕਿ ਦੁਨੀਆ ਦੀ ਫਲਾਨੀ ਜ਼ਬਾਨ ਮੁਹਜ਼ਬ (civilized) ਏ ਤੇ ਫਲਾਨੀ ਗੈਰ-ਮਹਜ਼ਬ Uncivilized) ਏ ਤੇ ਮੈਂ ਪੰਜਾਬੀ ਲਿਖਣੀ ਬੰਦ ਕਰ ਦੇਵਾਂਗਾ। ਜੇਕਰ ਕੋਈ ਅਜਿਹਾ ਮੇਚ ਤੋਲ ਹੁੰਦਾ ਤੇ ਅੱਜ ਯੂਰਪ ਵਿਚ ਹਰ ਮੁਲਕ ਦੀ ਵਖਰੀ ਜ਼ਬਾਨ ਲਾਗੂ ਨਾ ਹੁੰਦੀ ਸਗੋਂ ਇਹਦੀ ਥਾਂ ਇਹ ਮਹਜ਼ਬ (civilized) ਜ਼ਬਾਨ ਲਾਗੂ ਹੁੰਦੀ। ਯੂਰਪ ਵਿਚ ਜਹਾਲਤ ਤੇ ਗੈਰ-ਜਮਹੂਰੀ ਜਾਗੀਰਦਾਰ ਰਾਜ ਦੇ ਜ਼ਮਾਨੇ ਵਿਚ ਫ਼ਰੈਂਚ ਨੂੰ civilized ਆਖਿਆ ਗਿਆ ਅਤੇ ਕਦੇ ਇਹ ਦਰਜਾ ਇਤਾਲਵੀ ਜ਼ਬਾਨ ਲਿਆ ਕਦੇ ਯੂਨਾਨੀ ਇਹਦਾ ਦਾਵਾ ਕੀਤਾ ਅਤੇ ਕਦੇ ਅੰਗਰੇਜ਼ੀ ਸਾਹਮਣੇ ਆ ਕੇ ਖਲੋ ਗਈ ਪਰ ਜਿਵੇਂ ਜਿਵੇਂ ਇਲਮ ਨੇ ਯੂਰਪ ਦੀਆਂ ਅੱਖਾਂ ਖੋਲ੍ਹੀਆਂ ਤੇ ਜਾਗੀਰਦਾਰੀ ਦੀ ਥਾਂ ਜਮਹੂਰੀਅਤ ਤੇ ਕੌਮ ਪੂਜਾ ਨੇ ਲਈ ਤੇ ਇਹਨਾਂ ਜ਼ਬਾਨ ਦੇ ਮਹਜ਼ਬ (civilized) ਹੋਣ ਦਾ ਭਾਂਡਾ ਫਟਾਇਆ ਤੇ ਇਹਨਾਂ ਕੌਮਾਂ ਦੇ ਵਿਦਵਾਨਾਂ ਆਬ ਆਬ ਕਰਨਾ ਛੱਡ ਦਿਤਾ। ਹਾਲ ਘੜੀ ਇਹ ਵਹਿਮ (complex) ਸਿਰਫ ਪੁਰਾਣੀਆਂ ਯੂਰਪੀ ਕਲੋਨੀਆਂ ਵਿਚ ਰਹਿ ਗਿਆ ਏ। ਏਸ ਦੀ ਇਕ ਵਜਹ ਇਹਨਾਂ ਮੁਲਕਾਂ ਵਿਚ ਹਾਲੇ ਤੀਕ ਚਾਲੂ ਪੁਰਾਣਾ colonial ਬਸਤੀਵਾਦੀ ਨਿਜ਼ਾਮ ਏ ਤੇ ਏਸ ਨਿਜ਼ਾਮ ਨੂੰ ਨਾ ਸਿਰਫ ਬਸਤੀਵਾਦੀ ਤਾਕਤਾਂ ਦੇ ਤਿਆਰ ਕੀਤੇ ਚਾਬੀ ਦੇ ਬਾਵੇ ਚਲਾ ਰਹੇ ਹਨ ਸਗੋਂ ਏਥੋਂ ਦੇ ਇਨਕਲਾਬੀ ਵਿਦਵਾਨ ਵੀ ਪੂਰੀ ਵਫਾਦਾਰੀ ਨਾਲ ਇਹਨਾਂ ਤਾਕਤਾਂ ਦੇ ਦਿਤੇ ਸਬਕਾਂ ਤੇ ਅਮਲ ਕਰ ਰਹੇ ਹਨ ਤੇ ਆਬ ਆਬ ਦੀ ਰੱਟ ਲਾਈ ਜਾ ਰਹੇ ਹਨ। ਕੱਲ ਇਹ ਵਿਦਵਾਨ ਕਾਲੋਨੀਅਲ (ਬਸਤੀਵਾਦੀ) ਤਾਕਤ ਦੇ ਯੂਰਪੀ ਗੜ੍ਹਾਂ (ਕੇਂਦਰਾਂ) ਵਲ ਮੂੰਹ ਕਰਦੇ ਸਨ ਤੇ ਅੱਜ ਨਿੱਕੇ ਸੂਬਿਆਂ ਦੇ ਵਿਦਵਾਨ ਕੇਂਦਰੀ ਜ਼ਬਾਨ ਦੇ ਵਿਦਵਾਨਾਂ ਦੇ ਚੇਲੇ ਬਣ ਗਏ ਹਨ ਤੇ ਇੰਝ ਪੁਰਾਣੀ ਕਾਲੋਨੀਅਲ ਰੀਤ ਨੂੰ ਪੂਰੀ ਵਫਾਦਾਰੀ ਨਾਲ ਨਿਭਾ ਰਹੇ ਹਨ। ਅਸਲ ਵਿਚ ਇਹ ਕਾਲੋਨੀਅਲ ਰਾਜ ਦੀ ਓਸ ਸਕੀਮ ਦਾ ਹਿੱਸਾ ਏ ਜਿਸ ਰਾਹੀਂ ਕਿਸੇ ਸੂਬੇ ਜਾਂ ਕੌਮ ਦੀ ਰਹਿਤਲ ਦੀ ਸੰਘੀ ਘੁਟ ਕੇ ਏਸ ਰਾਜ ਦੀ ਮੁਖਾਲਫਤ ਤੇ ਦੁਸ਼ਮਣੀ ਦੀ ਸੰਘੀ ਘੁਟਣੀ ਸੀ।

ਏਸ ਤਰ੍ਹਾਂ ਦੇ ਮਨਸੂਬੇ ਪੰਜਾਬ ਲਈ ਕੋਈ ਨਵੇਂ ਨਹੀਂ ਹਨ। ਇਹਨਾਂ ਮਨਸੂਬਿਆਂ ਦੀ ਉਮਰ ਇਤਨੀ ਹੀ ਲੰਮੀ ਏ ਜਿਤਨੀ ਪੰਜਾਬ ਉਤੇ ਧਾੜਵੀਆਂ ਦੇ ਹੱਲਿਆਂ ਦੀ ਉਮਰ ਏ। ਹਰ ਹੱਲਾ ਮਾਰ ਆਪਣੇ ਨਾਲ ਪੰਜਾਬ ਦੀ ਰਹਿਤਲੀ ਸ਼ਕਲ ਵਿਗਾੜਣ ਤੇ ਇਹਦੇ ਟੋਟੇ ਕਰਨ ਦੀਆਂ ਸਕੀਮਾਂ ਲੈ ਕੇ ਆਇਆ। ਜਦ ਵੀ ਪੰਜਾਬ ਦੇ ਟੋਟੇ ਕੀਤੇ ਗਏ ਤੇ ਇਹ ਟੋਟੇ ਕਿਸੇ ਪਿੰਡੇ ਦੇ ਤਾਜ਼ਾ ਤਾਜ਼ਾ ਕੀਤੇ ਟੋਟਿਆਂ ਵਾਂਗੂੰ ਓਦੋਂ ਤੀਕ ਤੜਫਦੇ ਰਹੇ ਜਦ ਤੀਕ ਕਿ ਦੁਬਾਰਾ ਆਪਣੀ ਥਾਂ 'ਤੇ ਆ ਕੇ ਜੁੜ ਨਹੀਂ ਗਏ। ਪੰਜਾਬ ਦੇ ਇਹ ਟੋਟੇ ਜਦ ਵੀ ਜੁੜੇ ਜਾਂ ਧਾੜਵੀਆਂ ਤੋਂ ਆਜ਼ਾਦ ਹੋਏ ਤੇ ਏਸ ਦੇ ਲੋਕਾਂ ਹਮੇਸ਼ ਉਹਨਾਂ ਦੀ ਗੱਲ ਸੁਣੀ ਜਿਹਨਾਂ ਏਸ ਧਰਤੀ ਦੀ ਬੋਲੀ ਵਿਚ ਗੱਲ ਕੀਤੀ।

ਜਦ ਅਸੀਂ ਇਹ ਆਬ ਆਬ ਕਰਨ ਵਾਲਿਆਂ ਦੀ ਗੱਲ ਕਰਦੇ ਆਂ ਤੇ ਇਹਦੇ ਪਿਛੇ ਇਕ ਸੈਨਤ ਵੀ ਝਲਕਦੀ ਨਜ਼ਰ ਆਉਂਦੀ ਏ। ਉਹ ਮਾਂ ਜਿਸ ਨੂੰ ਆਬ ਆਬ ਦੀ ਸਮਝ ਨਾ ਲਗੀ ਉਹ ਅਸਲ ਵਿਚ ਧਰਤੀ ਮਾਂ ਪੰਜਾਬ ਸੀ ਤੇ ਪਾਣੀ ਹਯਾਤੀ ਦੀ ਨਿਸ਼ਾਨੀ ਸੀ। ਜਦ ਆਬ ਆਬ ਕਰਨ ਵਾਲਾ ਇਹ ਕਪੁਤਰ ਏਸ ਮਾਂ ਤੋਂ ਇਹਦੀ ਪਛਾਣ ਖੋਹ ਕੇ ਇਕ ਓਪਰਾ ਮੁਹਾਂਦਰਾ ਬਨਾਉਣ ਦਾ ਹੁਕਮ ਦੇਂਦਾ ਏ ਤੇ ਇਹਨੂੰ ਹਯਾਤੀ ਨਹੀਂ ਮਿਲਦੀ ਸਗੋਂ ਏਸ ਦੀ ਏਸ ਕੋਸ਼ਿਸ਼ ਨਾਲ ਇਹਦੇ ਆਪਣੇ ਵਜੂਦ ਦਾ ਵੀ ਖਾਤਮਾ ਹੋ ਜਾਂਦਾ ਏ।

ਏਸ ਆਬ ਆਬ ਕਰਨ ਵਾਲੇ ਦਾ ਅੰਤ ਅੱਜ ਫੇਰ ਇਕ ਵਾਰ ਇਕ ਸਬਕ ਬਣ ਕੇ ਸਾਹਮਣੇ ਆ ਰਿਹਾ ਏ। ਭਲਕੇ ਦਾ ਪੰਜਾਬ ਨਾ ਤਾਂ ਟੋਟੇ ਰਹਿਣਾ ਏ ਤੇ ਨਾ ਕਿਸੇ ਕਾਲੋਨੀਬਾਜ਼ ਤਾਕਤ ਏਸ ਦਾ ਮੁਹਾਂਦਰਾ ਵਗਾੜਕੇ ਜ਼ਿੰਦਾ ਰਹਿ ਸਕਣਾ ਏ। ਇਹ ਧਰਤੀ ਓਸ ਨੂੰ ਈ ਜ਼ਿੰਦਗੀ ਦੇਵੇਗੀ ਜੋ ਏਸ ਦੇ ਵਜੂਦ ਨੂੰ ਮੰਨਕੇ ਇਹਦੀ ਬੋਲੀ ਵਿਚ ਜ਼ਿੰਦਗੀ ਮੰਗੇਗਾ।



Sri Satguru Jagjit Singh Ji eLibrary NamdhariElibrary@gmail.com

# ਗ਼ਜ਼ਲ

—ਮਹਿਮਾ ਸਿੰਘ

ਚੰਦਰਮਾ ਦਾ ਫਿੱਕਾ ਅਕਸ ਵੇਖਦਾ ਹਾਂ
ਖੁਰਦੇ ਜਾਂਦੇ ਤਿੱਖੇ ਨਕਸ਼ ਵੇਖਦਾ ਹਾਂ
ਘੁੰਮਣ-ਘੇਰੀ ਡੂੰਘੀ ਹੋਰ ਹੋ ਰਹੀ ਹੈ
ਤਾਂਡਵ ਬਣਦਾ ਜਾਂਦਾ ਰਕਸ ਵੇਖਦਾ ਹਾਂ
ਅਸਮਾਨਾਂ ਤੋਂ ਕਾਲੀ ਗਰਦ ਝੜ ਰਹੀ ਹੈ
ਮਿਟਦਾ ਜਾਂਦਾ ਜੀਵਨ-ਲਕਸ਼ ਵੇਖਦਾ ਹਾਂ
ਔਖੇ ਏਦਾਂ ਸਾਰੀ ਉਮਰ ਬੀਤ ਜਾਣੀ
ਦੁੱਖਾਂ ਦਾ ਕੋਈ ਚੰਗਾ ਪਕਸ਼ ਵੇਖਦਾ ਹਾਂ
ਸੂਰਜ ਦੀ ਇਕ ਸੂਹੀ ਕਿਰਨ ਬੁਝ ਰਹੀ ਹੈ
ਦਿਸਹੱਦੇ 'ਤੇ ਪੀਲਾ ਅਕਸ ਵੇਖਦਾ ਹਾਂ
ਹਾਲ ਮੁਰੀਦਾਂ ਦਾ ਉਹ ਆਪ ਜਾਣਦਾ ਹੈ
ਮਿੱਤਰ ਪਿਆਰੇ ਵਾਲੀ ਬਖ਼ਸ਼ ਵੇਖਦਾ ਹਾਂ
ਨਾਨਕ ਵਰਗੇ ਉਸ ਦੇ ਨਕਸ਼ ਜਾਪਦੇ ਨੇ
ਖ਼ਾਬਾਂ ਵਿਚ ਇਕ ਐਸਾ ਸ਼ਖ਼ਸ ਵੇਖਦਾ ਹਾਂ

ਪਿੰਡ ਤੇ ਡਾਕਘਰ ਹਲਵਾਰਾ
ਜ਼ਿਲ੍ਹਾ ਲੁਧਿਆਣਾ—੧੪੧੧੦੭

# ਕਵਿਤਾ ਦਾ ਆਵੇਸ਼ ਤੇ ਕਵਿਤਾ

—ਤਰਲੋਕ ਮਨਸੂਰ

ਅੰਮ੍ਰਿਤ-ਵੇਲਾ ਹੈ। ਇਸ਼ਨਾਨ ਕਰਕੇ ਬਿਸਤਰ ਵਿਚ ਬੈਠਾ ਹਾਂ। ਇਕਾਗਰਤਾ ਹੈ ਤਨਹਾਈ ਹੈ। ਮੇਰੇ ਹਿਰਦੇ ਵਿਚ ਮੁਹੱਬਤ ਉਤਰ ਆਈ ਹੈ। ਆਨੰਦਮਈ ਅਵਸਥਾ ਹੈ। ਆਪਣੇ ਆਪ ਕੋਲੋਂ ਖ਼ੁਸ਼ਬੂ ਆ ਰਹੀ ਹੈ। ਪੁੱਛਦਾ ਹਾਂ: ਇਹ ਦੇਹ ਹੈ ਕਿ ਫੁੱਲ ਹੈ?

ਮੈਂ ਇਹੋ ਜਹੀ ਅਵਸਥਾ ਦੇ ਬਲਿਹਾਰ ਜਾਂਦਾ ਹਾਂ, ਜਿਸ ਅਵਸਥਾ ਦੇ ਸਦਕੇ ਮੈਂ ਅਗਿਆਨਤਾ ਤੋਂ ਗਿਆਨ ਵੱਲ ਦਾ ਸਫ਼ਰ ਕੀਤਾ ਹੈ। ਕਿਣਕੇ ਵਿਚ ਸੂਰਜ ਦੇ ਪ੍ਰਵੇਸ਼ ਕਰ ਜਾਣ ਵਾਂਗ ਮੈਂ ਰੁਸ਼ਨਾਇਆ ਗਿਆ ਹਾਂ। ਇਸ ਰਹੱਸ ਦਾ ਵੀ ਭੇਦ ਖੁਲ੍ਹ ਗਿਆ ਹੈ ਕਿ ਜਿਸ ਜ਼ਿੰਦਗੀ ਨੂੰ ਅਸੀਂ ਬਹੁਤ ਕੁਝ ਸਮਝੀ ਬੈਠੇ ਹਾਂ ਇਹ ਤਾਂ ਵਗਦੀ ਨਦੀ (ਅਨੰਤ-ਕਾਲ ਤੋਂ ਵਹਿ ਰਹੀ ਜੀਵਨ-ਧਾਰਾ) ਦੇ ਕੰਢੇ ਖੜੇ, ਕਿਸੇ ਰੁੱਖ ਦੀ ਛਿਣ-ਮਾਤਰ ਪੈ ਰਹੀ ਛਾਂ ਜਿੰਨੀ ਹੀ ਹੈ। ਇਕ ਚੁੱਪ ਤੋਂ ਦੂਜੀ ਚੁੱਪ ਤਕ ਦੇ ਸਫ਼ਰ ਦਾ ਨਾਂ ਹੈ, ਤੇ ਬਸ (ਜਨਮ ਤੋਂ ਪਹਿਲਾਂ ਕਿਥੇ ਸਾਂ? ਕਿਥੋਂ ਆਏ? ਉੱਤਰ 'ਚੁੱਪ' ਹੈ। ਮਰਨ ਤੋਂ ਬਾਦ ਕਿਥੇ ਟੁਰ ਜਾਵਾਂਗੇ! ਕੀ ਉੱਤਰ ਹੈ—ਸਿਵਾਏ 'ਚੁੱਪ' ਦੇ?)

...ਤੇ ਅਸਲ ਅਨੰਦਮਈ ਜੀਵਨ ਦੀ ਪਰਵਾਜ਼—ਇਕਾਗਰਤਾ, ਤਨਹਾਈ, ਪਰਮ-ਚੁੱਪ ਵਿਚ ਲਹਿ ਜਾਣਾ ਹੀ ਹੈ। ਮਨ ਦੀ ਇਕਾਗਰਤਾ ਹੀ ਸੱਚ ਦੇ ਦਰਸ਼ਨ ਕਰਾ ਸਕਦੀ ਹੈ। ਇਕਾਗਰਤਾ ਹੈ ਤਨਹਾਈ ਹੈ......

"ਚੁੱਪ ਤੋਂ ਚੁੱਪ ਤੱਕ ਦਾ ਸਫ਼ਰ"
ਇਕਾਗਰਤਾ ਹੈ ਤਨਹਾਈ ਹੈ
ਇਹੁ ਜਹੇ ਮੌਸਮ 'ਚ ਮੈਨੂੰ
ਮੁਹੱਬਤ ਮਿਲਨ ਆਈ ਹੈ।
ਦੇਹ ਹੈ ਕਿ ਫੁੱਲ ਹੈ?
ਖ਼ੁਸ਼ਬੂ ਹੀ ਖ਼ੁਸ਼ਬੂ ਹੈ।
ਅੱਖਾਂ ਨੂੰ ਵਰਦਾਨ ਮਿਲਿਆ ਹੈ,
ਜਿਥੋਂ ਤੀਕ ਨਜ਼ਰ ਜਾਵੇ—
ਤੂ ਹੀ ਤੂ ਹੈ।
ਹੇ ਮੁਹੱਬਤ, ਬਲਿਹਾਰ ਤੇਰੇ ਤੋਂ!
ਮੈਂ ਸਦਕੇ ਮੈਂ ਵਾਰੀ!!
ਤੇਰੀ ਛੋਹ ਮਿਲੀ—
ਜ਼ੱਰੇ 'ਚ ਸੂਰਜ ਦਾ ਪ੍ਰਵੇਸ਼ ਹੋਇਆ।
ਹਨੇਰੇ ਤੋਂ ਚਾਨਣ ਵੱਲ ਦਾ ਸਫ਼ਰ ਕੀਤਾ ਹੈ।
ਇਹ ਬੰਦਾ ਨਾਚੀਜ਼ ਵੀ ਦਰਵੇਸ਼ ਹੋਇਆ ਹੈ।
ਸਹਿਜੇ ਮਿਲੇ ਗੁਰ-ਪ੍ਰਸ਼ਾਦ ਵਾਂਕਣ—
ਏਸ ਰਹੱਸ ਦਾ ਆਵੇਸ਼ ਹੋਇਆ ਹੈ।
ਕਿ ਜ਼ਿੰਦਗੀ—ਚੁੱਪ ਤੋਂ ਚੁੱਪ ਤੱਕ ਦੇ
ਸਫ਼ਰ ਦਾ ਨਾਂ ਹੈ।
ਕਿ ਜ਼ਿੰਦਗੀ—ਨਦੀ ਤੇ ਪੈ ਰਹੀ ਕਿਸੇ ਬਿਰਛ ਦੀ
ਛਿਨ-ਭੰਗਰੀ ਜਹੀ ਛਾਂ ਹੈ।
ਤੇ ਇਕਾਗਰਤਾ? ਤਨਿਹਾਈ?
ਚੁੱਪ ਦੇ ਸਫ਼ਰ ਦਾ ਆਗਾਜ਼ ਹੈ।
ਸੰਪੂਰਨ, ਅਨੰਦਮਈ ਜਗਤ ਵੱਲ ਪਰਵਾਜ਼ ਹੈ।

੧੬੦, ਫੈਕਟਰੀ ਏਰੀਆ,
ਗੋਇੰਦਵਾਲ ਸਾਹਿਬ—੧੪੩੪੨੬



Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਸਮਾਜ ਵਿਚ ਵਿਆਹ

**—ਅਮਰ ਭਾਰਤੀ**

ਨਾਮਧਾਰੀ ਸਿੱਖਾਂ ਦੇ ਵਿਆਹ ਨੂੰ 'ਆਨੰਦ ਕਾਰਜ' ਆਖਿਆ ਜਾਂਦਾ ਹੈ। ਇਸ ਆਨੰਦ ਕਾਰਜ ਦੀ ਮਰਯਾਦਾ ੩ ਜੂਨ ੧੮੬੩ ਨੂੰ ਪਿੰਡ ਖੋਟ, ਜ਼ਿਲ੍ਹਾ ਫ਼ਿਰੋਜ਼ਪੁਰ ਅਜ ਕਲ੍ਹ ਜ਼ਿਲਾ ਫਰੀਦਕੋਟ ਤੋਂ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਤੋਰੀ।

## ਪਹਿਲਾਂ ਦੇ ਵਿਆਹ

ਉਸ ਤੋਂ ਪਹਿਲਾਂ ਗੁਰੂ ਨਾਨਕ ਅਤੇ ਉਨ੍ਹਾਂ ਦੀ ਪਰੰਪਰਾ ਵਿਚ ਆਏ ਸਾਰੇ ਗੁਰੂ ਸਾਹਿਬਾਨ ਦੇ ਆਪਣੇ ਤੇ ਉਨ੍ਹਾਂ ਦੀ ਸਿੱਖ ਸੰਗਤ ਦੇ ਸਾਰੇ ਵਿਆਹ ਬ੍ਰਾਹਮਣੀ ਜਾਂ ਵੈਦਿਕ ਰੀਤ ਨਾਲ ਹੁੰਦੇ ਆਏ ਸਨ। ਗੁਰੂ ਰਾਮ ਸਿੰਘ ਜੀ ਦਾ ਆਪਣਾ ਵਿਆਹ ਵੀ ਬ੍ਰਾਹਮਣੀ ਰੀਤ ਅਨੁਸਾਰ ਹੀ ਹੋਇਆ ਸੀ।

ਇਸਤ੍ਰੀ ਜਾਤੀ ਬਾਰੇ ਓਦੋਂ ਦੀਆਂ ਬ੍ਰਾਹਮਣ ਰੀਤਾਂ ਤੇ ਰਿਵਾਜ ਧਿੰਗੋਜ਼ੋਰੀ ਦਾ ਰੂਪ ਧਾਰ ਚੁਕੇ ਹੋਏ ਸਨ, ਜਿਨ੍ਹਾਂ ਤੋਂ ਪੂਰਾ ਸਮਾਜ ਪਰੇਸ਼ਾਨ ਸੀ। 'ਸਤੀ ਦਾਹ' ਜ਼ੋਰ ਜ਼ਬਰਦਸਤੀ ਦੀ ਰੀਤ ਸੀ, ਵਿਧਵਾ ਵਿਆਹ ਵਰਜਿਤ ਸੀ। ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਆਮ ਚਲਨ ਸੀ। ਕੁੜੀਆਂ ਥੋੜ੍ਹੀਆਂ ਰਹਿ ਜਾਣ ਕਰਕੇ ਵੱਟੇ ਸੱਟੇ ਦਾ ਵਿਆਹ ਆਮ ਹੁੰਦਾ ਸੀ ਤੇ ਇਸ ਸਭ ਕੁਝ ਦੇ ਕਾਨੂੰਨੀ ਅਧਿਕਾਰੀ ਬ੍ਰਾਹਮਣ ਲੋਕ ਸਨ।

ਗੁਰੂ ਰਾਮ ਸਿੰਘ ਜੀ ਨੇ 'ਸਤੀ ਦਾਹ' ਨੂੰ ਰੋਕਣ ਦੀ ਮੁਹਿੰਮ ਚਲਾਈ, ਵਿਧਵਾ ਵਿਆਹ ਨੂੰ ਸਮਾਜਕ ਮਰਯਾਦਾ ਦਿੱਤੀ, ਕੁੜੀਆਂ ਮਾਰਨੋਂ ਤੇ ਵੱਟੇ ਦੇ ਵਿਆਹਾਂ ਤੋਂ ਲੋਕਾਂ ਨੂੰ ਵਰਜਿਆ ਅਤੇ ਵਿਆਹ ਦੀ ਗੁਰਮਤ ਰੀਤ, ਆਨੰਦ ਕਾਰਜ ਦੇ ਨਾਮ ਨਾਲ ਪਰਚੱਲਤ ਕੀਤੀ।

ਈਸਵੀ ਸੰਨ ਦੇ ਤਿੰਨ ਜੂਨ ੧੮੬੩ ਵਾਲੇ ਦਿਨ ਖੋਟੇ ਪਿੰਡ, ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਇਕ ਭਾਰੀ ਜੋੜ ਮੇਲਾ ਰਖਿਆ, ਜਿਸ ਵਿਚ ਬਿਨਾਂ ਬ੍ਰਾਹਮਣ ਪਰੋਹਿਤਾਂ ਦੀ ਸਹਾਇਤਾ ਤੋਂ ਛੇ ਜੋੜਿਆਂ ਦੇ ਆਨੰਦ ਕਾਰਜ ਕੀਤੇ।

ਬ੍ਰਾਹਮਣਾਂ ਨੇ ਇਸ ਕੰਮ ਦਾ ਘੋਰ ਵਿਰੋਧ ਕੀਤਾ, ਸੜ ਕੇ ਮਰ ਜਾਣ ਦੀ ਧਮਕੀ ਦਿਤੀ, ਤੇ ਮਾਮਲਾ ਅੰਗਰੇਜ਼ ਹਾਕਮਾਂ ਤਕ ਪੁਚਾ ਦਿਤਾ। ਨਤੀਜੇ ਵਜੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਕਈ ਸਾਰੀਆਂ ਪੇਸ਼ੀਆਂ ਭੁਗਤਣੀਆਂ ਪਈਆਂ।

## ਆਨੰਦ ਕਾਰਜ

ਇਸ ਨਵੀਂ ਰੀਤ ਵਾਲੇ ਆਨੰਦ ਕਾਰਜ ਵਿਚ ਗੁਰੂ ਰਾਮ ਸਿੰਘ ਜੀ ਨੇ 'ਹਵਨ' ਅਤੇ 'ਹੋਮ ਵੇਦੀ' ਨੂੰ ਤਾਂ ਸ਼ਾਮਲ ਰਖਿਆ, ਪਰ ਹਵਨ ਦੇ ਵੈਦਿਕ ਮੰਤਰਾਂ ਦੀ ਥਾਂ ਆਦਿ ਗੁਰੂ ਗਰੰਥ ਸਾਹਿਬ ਅਤੇ ਦਸਮ ਗੁਰੂ ਗਰੰਥ ਸਾਹਿਬ ਦੀਆਂ ਚੋਣਵੀਆਂ ਬਾਣੀਆਂ ਨੂੰ ਮੰਤਰਾਂ ਵਜੋਂ ਪੜ੍ਹਨ ਦਾ ਸਿਲਸਿਲਾ ਸ਼ੁਰੂ ਕੀਤਾ। ਹੋਮ ਜਾਂ ਹਵਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਇਹ ਹਨ—੧. ਜਪੁਜੀ ਸਾਹਿਬ, ੨. ਜਾਪ ਸਾਹਿਬ, ੩. ਚੌਪਈ-ਪੁਨ ਰਾਛਸ ਦਾ ਕਾਟਾ ਸੀਸਾ..., ੪. ਚੰਡੀ ਚਰਿਤ੍ਰ ਦੂਸਰਾ, ੫. ਚੰਡੀ ਦੀ ਵਾਰ, ੬. ਉਗ੍ਰਦੰਤੀ। ਹੋਮ ਜਾਂ ਹਵਨ ਵਿਚ ਲੱਕੜੀ ਪਲਾਹ ਦੀ ਜਾਂ ਬੇਰੀ ਦੀ ਪਾਉਣੀ। ਹੋਮ ਵਿਚ ਫੂਕ ਨਹੀਂ ਮਾਰਨੀ, ਬਾਣੀ ਪੋਥੀਆਂ ਤੋਂ ਪੜ੍ਹਨੀ, ਛੇਵਾਂ ਆਦਮੀ ਜਲ ਦਾ ਛਿੱਟਾਂ ਦੇਂਦਾ ਰਹੇ ਤੇ ਭਜਨ ਵੀ ਕਰਦਾ ਰਹੇ। ਹੋਮ ਵਿਚ ਅਗਰੂ ਆਦਿ ਵਸਤਾਂ ਨਾਲ ਬਣੀ ਸਾਮਗ੍ਰੀ ਘਿਓ ਵਿਚ ਮਿਲਾ ਕੇ ਪਾਈ ਜਾਂਦੀ ਹੈ।

ਆਨੰਦ ਕਾਰਜ ਸਮੇਂ ਵੇਦ ਮੰਤਰਾਂ ਦੀ ਥਾਂ ਸ੍ਰੀ ਗਰੰਥ ਸਾਹਿਬ ਵਿਚੋਂ ਗੁਰੂ ਰਾਮਦਾਸ ਜੀ ਦੀ 'ਲਾਵਾਂ' ਨਾਮੀ ਬਾਣੀ ਪੜ੍ਹੀ ਜਾਂਦੀ ਹੈ ਜਿਸ ਵਿਚ ਚਾਰ ਲਾਵਾਂ ਹਨ। ਚਾਰ ਹੀ ਫੇਰੇ ਦੇਂਦੇ ਹਨ। ਗਰੰਥ ਸਾਹਿਬ ਤੋਂ ਲਾਵਾਂ ਪੜ੍ਹਨ ਦਾ ਕਾਰਜ ਕੋਈ ਵੀ ਪਾਠੀ ਸਿੰਘ ਕਰ ਸਕਦਾ ਹੈ।

## ਆਨੰਦ ਮੈਰਿਜ ਐਕਟ

ਵੇਖੋ ਵੇਖੀ ਕੁਝ ਕੁ ਸਾਲਾਂ ਵਿਚ ਦੂਜੇ ਗੈਰ-ਨਾਮਧਾਰੀ ਸਿੱਖਾਂ ਨੇ ਵੀ ਥੋੜ੍ਹੇ ਬਹੁਤ ਫਰਕ ਨਾਲ 'ਲਾਵਾਂ' ਨਾਮੀ ਗੁਰਬਾਣੀ ਨਾਲ ਵਿਆਹ ਦੇ ਫੇਰੇ ਦੇਣੇ ਸ਼ੁਰ ਕਰ ਦਿਤੇ। ਇਸ ਵਿਚ ਉਨ੍ਹਾਂ ਨੇ ਹੋਮ ਯੱਗ ਅਤੇ ਵੇਦੀ ਨੂੰ ਸ਼ਾਮਲ ਨਹੀਂ ਕੀਤਾ।

ਬ੍ਰਾਹਮਣ ਪੁਰੋਹਿਤਾਂ ਨੇ ਇਸ ਨੂੰ ਸਿਆਸੀ ਤੇ ਧਾਰਮਕ ਸਵਾਲ ਬਣਾ ਦਿਤਾ ਤੇ ਉਸ ਜ਼ਮਾਨੇ ਦੇ ਆਰੀਆ ਸਮਾਜੀਆਂ ਨੇ ਸਿੱਖਾਂ ਦੇ ਆਨੰਦ ਕਾਰਜਾਂ ਨੂੰ 'ਨਾਜਾਇਜ਼' ਆਖ ਕੇ ਪਰਚਾਰ ਸ਼ੁਰੂ ਕਰ ਦਿਤਾ, ਕਿਉਂਕਿ ਵਿਆਹ ਦੀ ਬ੍ਰਾਹਮਣ ਰੀਤੀ ਤੋਂ ਵੱਖਰੀ ਕੋਈ ਰੀਤ ਉਸ ਵੇਲੇ ਦੇ ਕਾਨੂੰਨ ਦੇ ਦਾਇਰੇ ਵਿਚ ਨਹੀਂ ਸੀ ਆਉਂਦੀ।

ਇਸ ਤੋਂ ਪਰੇਸ਼ਾਨ ਹੋ ਕੇ ਸਿੱਖਾਂ ਦੇ ਪ੍ਰਮੁਖ ਲੋਕਾਂ



Sri Satguru Jagjit Singh Ji eLibrary NamdhariElibrary@gmail.com

ਨੇ ਦਿੱਲੀ ਅਸੈਂਬਲੀ (ਉਸ ਜ਼ਮਾਨੇ ਦੀ ਪਾਰਲੀਮੈਂਟ) ਵਿਚੋਂ ਆਨੰਦ ਕਾਰਜ ਸਬੰਧੀ ਕਾਨੂੰਨ ਪਾਸ ਕਰਵਾਣ ਦੀ ਕੋਸ਼ਿਸ਼ ਕੀਤੀ। ਇਸ ਗੱਲ ਤੇ ਇਤਰਾਜ਼ ਇਹ ਆਇਆ ਕਿ ਸਿੱਖਾਂ ਦੇ ਵਿਆਹ ਦਾ ਕੋਈ ਅਜਿਹਾ ਸਿਸਟਮ ਲੰਮੇ ਸਮੇਂ ਤੋਂ ਵਜੂਦ ਵਿਚ ਹੀ ਨਹੀਂ ਹੈ, ਜਿਸ ਨੂੰ ਕਾਨੂੰਨ ਦਾ ਆਧਾਰ ਬਣਾਇਆ ਜਾ ਸਕੇ।

ਸੋ ਐਸੇ ਸਮੇਂ ਬਾਰਸੂਖ ਸਿੱਖ ਨੁਮਾਇੰਦਿਆਂ ਨੂੰ ਗੁਰੂ ਪਰਤਾਪ ਸਿੰਘ ਜੀ ਦੀ ਲਿਖਤੀ ਗਵਾਹੀ ਨਾਲ ਇਹ ਸਾਬਤ ਕੀਤਾ ਕਿ ਨਾਮਧਾਰੀ ਸਿੱਖ ਸਮਾਜ ਵਿਚ ਵਿਆਹ ਦੀ 'ਆਨੰਦ ਰੀਤ' ਪੰਜਾਹ ਸਾਲਾਂ ਤੋਂ ਵੀ ਵੱਧ ਸਮੇਂ ਤੋਂ (ਸੰਨ ੧੮੬੩) ਤੋਂ ਚਲਦੀ ਆ ਰਹੀ ਹੈ।

ਉਸ ਗਵਾਹੀ ਨਾਲ ਸੰਨ ੧੯੦੯ ਵਿਚ ਆਨੰਦ ਮੈਰਿਜ ਐਕਟ ਪਾਸ ਹੋ ਗਿਆ।

ਨਾਮਧਾਰੀਆਂ ਦੇ ਅਨੰਦ ਕਾਰਜ ਖੋਟੇ ਪਿੰਡ ਵਿਚ ਪਹਿਲੇ ਦਿਨ ਤੋਂ ਹੀ ਛੇ ਵਿਆਹਾਂ ਦੇ ਸਮੂਹ ਜਾਂ ਗਰੁੱਪ ਵਿਚ ਸ਼ੁਰੂ ਹੋਏ ਸਨ—ਸੋ ਉਹ ਗਰੁੱਪ ਸਿਸਟਮ ਤਾਂ ਹੁਣ ਤਕ ਚਲਦਾ ਆ ਰਿਹਾ ਹੈ, ਪਰ ਸਮੇਂ ਸਮੇਂ ਇਕੱਲੇ-ਇਕੱਲੇ ਜੋੜੇ ਦਾ ਵਿਆਹ ਵੀ ਹੁੰਦਾ ਆ ਰਿਹਾ ਹੈ। ਉਂਜ ਸਮੂਹਕ ਵਿਆਹਾਂ ਦਾ ਚਲਨ ਹੌਲੀ ਹੌਲੀ ਬਹੁਤ ਜ਼ਿਆਦਾ ਹੋ ਗਿਆ, ਜਿਸ ਅਨੁਸਾਰ ਇਕੋ ਸਮੇਂ ਦਸ, ਵੀਹ, ਪੰਜਾਹ, ਸੌ ਵਿਆਹ ਇਕੋ ਵਾਰੀ ਹੋ ਜਾਂਦੇ ਹਨ। ਇਹ ਵਿਆਹ ਅਕਸਰ ਨਾਮਧਾਰੀ ਮੇਲਿਆਂ ਵਿਚ ਵਰਤਮਾਨ ਗੁਰੂ ਦੀ ਹਜ਼ੂਰੀ ਵਿਚ ਹੁੰਦੇ ਹਨ। ਪਰ ਕਦੇ ਕਦੇ ਉਹਨਾਂ ਵੱਲੋਂ ਮਿਥੇ ਹੋਏ ਸੂਬਿਆਂ ਜਾਂ ਪ੍ਰਬੰਧਕ ਗਰੁੱਪਾਂ ਦੀ ਹਾਜ਼ਰੀ ਵਿਚ ਵੀ ਇਕ ਦੋ ਜਾਂ ਕੁਝ ਵੱਧ ਵਿਆਹ ਨਾਮਧਾਰੀ ਗੁਰਦਵਾਰਿਆਂ ਵਿਚ ਹੋ ਜਾਂਦੇ ਹਨ।

ਪਹਿਲਿਆਂ ਸਮਿਆਂ ਵਿਚ ਵਿਆਹ ਆਪਸ ਵਿਚ ਮਿਲਦੀਆਂ ਜਾਤੀਆਂ ਵਿਚ ਹੀ ਹੁੰਦੇ ਸਨ, ਪਰ ਗੁਰੂ ਜਗਜੀਤ ਸਿੰਘ ਜੀ ਨੇ ਇਸ ਰੀਤ ਨੂੰ ਤੋੜ ਕੇ ਅਲਗ ਅਲਗ ਜਾਤੀਆਂ ਵਿਚ ਵੀ ਵਿਆਹ ਕਰਵਾਉਣ ਦਾ ਚਲਣ ਬਣਾ ਦਿੱਤਾ ਹੈ। ਹੁਣ ਬ੍ਰਾਹਮਣ ਲੜਕੀ ਦਾ ਵਿਆਹ ਰਾਮਗੜ੍ਹੀਆ ਲੜਕੇ ਨਾਲ ਜਾਂ ਅਰੋੜੇ-ਖੱਤਰੀ ਲੜਕੇ ਦਾ ਵਿਆਹ ਘੁਮਿਆਰ ਜਾਂ ਛੀਬੇ ਨਾਲ ਵੀ ਹੋ ਸਕਦਾ ਹੈ। ਇਸ ਸੂਚੀ ਵਿਚ ਜੱਟ, ਬ੍ਰਾਹਮਣ, ਅਰੋੜੇ, ਖੱਤਰੀ, ਤਰਖਾਣ, ਕੰਬੋ, ਸੁਨਿਆਰੇ, ਛੀਂਬੇ ਆਦਿ ਸਭ ਆ ਜਾਂਦੇ ਹਨ, ਤੇ ਕਿਸੇ ਦਾ ਵਿਆਹ ਕਿਸੇ ਨਾਲ ਵੀ ਹੋ ਸਕਦਾ ਹੈ।

## ਵਿਆਹਾਂ ਦੀ ਆਨੰਦ ਸ਼ਤਾਬਦੀ

ਸੰਨ ੧੯੬੩ ਵਿਚ ਖੋਟੇ ਪਿੰਡ ਤੋਂ ਆਨੰਦ ਕਾਰਜ ਦੀ ਰੀਤ ਚੱਲੀ ਨੂੰ ਜਦੋਂ ਸੌ ਸਾਲ ਹੋ ਰਹੇ ਸਨ ਤਾਂ ਗੁਰੂ ਜਗਜੀਤ ਸਿੰਘ ਜੀ ਨੇ ਉਸੇ ਪਿੰਡ ਹੀ ਆਨੰਦ ਸ਼ਤਾਬਦੀ ਮਨਾਣ ਦਾ ਫੈਸਲਾ ਕੀਤਾ। ਕੋਸ਼ਿਸ਼ ਇਹ ਸੀ ਕਿ ਘਟੋ ਘੱਟ ਸੌ ਜੋੜਿਆਂ ਦੇ ਵਿਆਹ ਇਕੋ ਸਮੇਂ ਕੀਤੇ ਜਾਣ। ਪਰ ਸੰਜੋਗ ਐਸਾ ਬਣਿਆ ਕਿ ੧੫੦ ਜੋੜਿਆਂ ਦੇ ਵਿਆਹ ਉਸ ਸ਼ਤਾਬਦੀ ਮੇਲੇ ਵਿਚ ਹੋਏ। ਪੰਜਾਬ ਦਾ, ਹਿੰਦੁਸਤਾਨ ਦਾ ਅਤੇ ਕੌਮਾਂਤਰੀ ਪ੍ਰੈਸ ਉਸ ਸ਼ਤਾਬਦੀ ਨੂੰ ਵੇਖਣ ਲਿਖਣ ਲਈ ਖੋਟੇ ਪਿੰਡ ਵਿਚ ਇਕੱਤਰ ਸੀ। ਓਦੋਂ ਭਾਰਤ ਵਿਚ ਤਾਂ ਅਜੇ ਟੀ.ਵੀ. ਦਾ ਚਲਨ ਨਹੀਂ ਸੀ ਹੋਇਆ, ਪਰ ਜਰਮਨੀ ਅਤੇ ਬੀ.ਬੀ.ਸੀ. ਦੀਆਂ ਟੈਲੀਵਿਜ਼ਨ ਟੀਮਾਂ ਮੌਜੂਦ ਸਨ, ਜਿਨ੍ਹਾਂ ਰਾਹੀਂ ਸਾਰੀ ਦੁਨੀਆਂ ਨੇ ਨਾਮਧਾਰੀ ਸਮੂਹਕ ਵਿਆਹਾਂ ਦਾ ਨਜ਼ਾਰਾ ਵੇਖਿਆ।

ਉਸ ਸਮੇਂ ਏਡਾ ਵੱਡਾ ਮੈਦਾਨ ਵਿਆਹਾਂ ਲਈ ਤਿਆਰ ਕੀਤਾ ਗਿਆ, ਜਿਸ ਵਿਚ ਤਿੰਨ ਸੌ ਕੁੜੀਆਂ ਮੁੰਡੇ ਇਕੱਠੇ ਇਕੋ ਸਮੇਂ ਫੇਰੇ ਲੈ ਸਕਣ। ਵਿਚਕਾਰ ਇਕ ਵੱਡਾ ਸਾਰਾ ਹਵਨ ਕੁੰਡ ਬਣਾਇਆ ਗਿਆ। ਚਾਰੇ ਪਾਸੇ ਲੰਮੀਆਂ ਬੱਲੀਆਂ ਗੱਡ ਕੇ ਵਿਸ਼ਾਲ ਵੇਦੀ ਬਣਾਈ ਗਈ। ਗੁਰੂ ਗ੍ਰੰਥ ਸਾਹਿਬ ਦੀਆਂ ਬਹੁਤ ਸਾਰੀਆਂ ਬੀੜਾਂ ਦਾ ਕੋਲ ਹੀ ਪ੍ਰਕਾਸ਼ ਕੀਤਾ ਗਿਆ ਜਿਨ੍ਹਾਂ ਦੀ ਤਾਬਿਆ ਇਕ ਤੋਂ ਵੱਧ ਏਨੇ ਪਾਠੀ ਬਿਠਾਏ ਗਏ, ਜਿੰਨੇ ਵਿਆਹ ਹੋਣੇ ਸਨ। ਸਭਨਾਂ ਨੇ ਇਕ ਸੁਰ ਵਿਚ ਲਾਵਾਂ ਦਾ ਉਚਾਰਨ ਕੀਤਾ ਤੇ ੧੫੦ ਜੋੜਿਆਂ ਨੇ ਉਨ੍ਹਾਂ ਲਾਵਾਂ ਦੀ ਧੁਨ ਅਨੁਸਾਰ ਚਾਰ ਫੇਰੇ ਲਏ। ਗੁਰੂ ਜਗਜੀਤ ਸਿੰਘ ਜੀ ਉਸ ਸਾਰੇ ਸਮਾਗਮ ਵਿਚ ਸੁਸ਼ੋਭਿਤ ਰਹੇ।

## ਕੇਵਲ ਸਵਾ ਰੁਪਏ ਵਿਚ ਵਿਆਹ

ਇਹ ਗੱਲ ਤਾਂ ਆਮ ਮਸ਼ਹੂਰ ਹੈ ਕਿ ਨਾਮਧਾਰੀਆਂ ਦਾ ਵਿਆਹ ਕੇਵਲ ਸਵਾ ਰੁਪਏ ਵਿਚ ਹੋ ਜਾਂਦਾ ਹੈ।

ਸੁਭਾਵਕ ਹੀ ਸਵਾਲ ਉਠੇਗਾ ਕਿ ਕਿਵੇਂ?

ਪਹਿਲੀ ਗੱਲ ਤਾਂ ਇਹ ਕਿ ਨਾ ਜੰਞ ਜਾਂਦੀ ਹੈ ਖਰਚ ਕਰਕੇ ਅਤੇ ਨਾ ਜੰਞ ਦਾ ਸਵਾਗਤ ਕੀਤਾ ਜਾਂਦਾ ਹੈ—ਖ਼ਰਚ ਕੇ। ਨਾ ਮੇਲ ਸੱਦਿਆ ਜਾਂਦਾ ਹੈ, ਨਾ ਮਿਲਣੀਆਂ ਹੁੰਦੀਆਂ ਹਨ, ਨਾ ਮੁੰਡਾ ਘੋੜੀ ਚੜ੍ਹਦਾ ਹੈ, ਨਾ ਸੇਹਰਾ ਬੱਝਦਾ ਹੈ ਤੇ ਨਾ ਹੀ ਕਲਗੀ ਸਜਦੀ ਹੈ।

ਆਖਿਆ ਤੇ ਸੋਚਿਆ ਜਾ ਸਕਦਾ ਹੈ ਕਿ ਫਿਰ ਸਵਾਦ ਕੀ ਹੋਇਆ ਵਿਆਹ ਦਾ? ਨਾ ਭੰਗੜਾ, ਨਾ ਬੈਂਡ ਵਾਜਾ, ਨਾ ਸ਼ਰਾਬ ਦੀਆਂ ਬੋਤਲਾਂ, ਨਾ ਮਾਸ ਦੀਆਂ ਦੇਗਾਂ, ਨਾ ਮੂਧੇ



Sri Satguru Jagjit Singh Ji eLibrary NamdhariElibrary@gmail.com

ਮੂੰਹ ਪਿਆ ਬਕੜਵਾਹ, ਨਾ ਰੌਣਕਾਂ, ਨਾ ਬੁਲਬੁਲੇ, ਨਾ ਡਾਂਗ ਸੋਟੇ।

ਪਰ ਸੱਚ ਤਾਂ ਇਹ ਹੈ ਕਿ ਰੌਣਕਾਂ ਵੀ ਬਹੁਤ ਹੁੰਦੀਆਂ ਨੇ, ਮੇਲੀ ਦੀ ਥਾਂ ਮੇਲੇ ਹੁੰਦੇ ਨੇ। ਮੇਲੇ ਵਿਚ ਸੰਗਤ ਰੂਪ ਵਿਚ ਆਏ ਸਭ ਰਿਸ਼ਤੇਦਾਰਾਂ ਦੇ ਮੇਲੇ ਵੀ। ਢੋਲ ਢਮੱਕੇ ਵੀ ਹੁੰਦੇ ਨੇ ਪਰ ਰੱਬੀ ਸੰਗੀਤ ਦੇ ਰੰਗ ਵਿਚ ਰੰਗੇ ਕੀਰਤਨ ਨਾਲ। ਆਮ ਤੌਰ ਤੇ ਮੇਲਿਆਂ ਵਿਚ ਹੀ ਵਿਆਹ ਹੁੰਦੇ ਹੋਣ ਕਰਕੇ, ਬਹੁਤੇ ਨਾਮਧਾਰੀ ਇਨ੍ਹਾਂ ਮੇਲਿਆਂ ਵਿਚ ਮੌਜੂਦ ਰਹਿੰਦੇ ਨੇ। ਵਿਆਹ ਆਮ ਤੌਰ ਤੇ ਸਵੇਰੇ ਹੀ ਹੁੰਦੇ ਹਨ। ਸਵੇਰੇ ਪਹਿਲਾਂ ਆਸਾਂ ਦੀ ਵਾਰ ਦਾ ਕੀਰਤਨ ਹੁੰਦਾ ਹੈ, ਜਿਸ ਵਿਚ ਹਾਰਮੋਨੀਅਮ, ਇਸਰਾਜ, ਤਾਊਸ ਦਿਲਰਬਾ, ਤਾਰ ਸ਼ਹਿਨਾਈ, ਸਰੋਦ, ਸਿਤਾਰ, ਬੰਸਰੀ, ਸਾਰੰਗੀ ਤੇ ਤਬਲਾ ਸਭ ਸਾਜ਼ਾਂ ਦਾ ਯੋਗਦਾਨ ਰਹਿੰਦਾ ਹੈ। ਰੱਬੀ ਬਾਣੀ ਦਾ ਕੀਰਤਨ; ਫਿਰ ਆਨੰਦ ਤੇ ਮਸਤੀ ਕਿਉਂ ਨਾ ਆਵੇ। ਪਰ ਇਹ ਮਸਤੀ—ਰੱਬੀ ਰੰਗ ਦੀ ਹੁੰਦੀ ਹੈ। ਸ਼ਰਾਬ ਭੰਗੜੇ ਤੇ ਢੋਲਾਂ ਦੀ ਨਹੀਂ। ਲੰਗਰ ਗੁਰੂ ਕਾ ਵਰਤਦਾ ਹੈ, ਜਿਸ ਵਿਚੋਂ ਧੇਤੇ ਪੁਤੇਤੇ ਸਭ ਖਾਂਦੇ ਰਜਦੇ ਨਿਹਾਲ ਹੁੰਦੇ ਨੇ।

ਉਂਜ ਮੇਲਿਆਂ ਵਿਚ ਵਿਆਹ ਦਾ ਪੱਕਾ ਚਲਣ ਬੀਤੇ ਚਾਲ੍ਹੀ ਪੰਜਾਹ ਸਾਲਾਂ ਤੋਂ ਹੋਇਆ ਹੈ। ਉਸ ਤੋਂ ਪਹਿਲਾਂ ਜੰਞਾਂ ਜਾਂਦੀਆਂ ਸਨ ਤੇ ਮੁੰਡਾ ਘੋੜੀ ਵੀ ਚੜ੍ਹਦਾ ਸੀ। ਜੰਞਾਂ ਦਾ ਸਵਾਗਤ 'ਹਮ ਘਰ ਸਾਜਨ ਆਏ, ਸਾਚੇ ਮੇਲ ਮਿਲਾਏ' ਵਰਗੇ ਸਮੇਂ ਨਾਲ ਢੁਕਦੇ ਸ਼ਬਦਾਂ ਅਤੇ ਢੋਲਕੀ ਛੈਣਿਆਂ ਨਾਲ ਹੁੰਦਾ ਸੀ।

ਪਰ ਗੁਰੂ ਪਰਤਾਪ ਸਿੰਘ ਜੀ ਨੇ ਮਹਿਸੂਸ ਕੀਤਾ ਕਿ ਏਨੇ ਕੁ ਅਡੰਬਰ ਨਾਲ ਵੀ ਦੋਹਾਂ ਧਿਰਾਂ ਦਾ ਕਾਫ਼ੀ ਖਰਚ ਹੋ ਜਾਂਦਾ ਹੈ, ਜਿਸ ਨੂੰ ਹਰ ਕੋਈ ਸੌਖਿਆਂ ਨਹੀਂ ਕਰ ਸਕਦਾ। ਬਹੁਤ ਸਾਰੇ ਲੋਕ ਤਾਂ ਰੀਸੋ ਰੀਸੀ ਕਰਜ਼ਾਈ ਹੋ ਜਾਂਦੇ ਨੇ—ਤੇ ਫਿਰ ਵਿਆਹ ਸਮੇਂ ਚੁੱਕੇ ਕਰਜ਼ੇ ਨੂੰ ਉਤਾਰਦਿਆਂ ਹੀ ਉਨ੍ਹਾਂ ਦੇ ਵਰ੍ਹੇ ਬੀਤ ਜਾਂਦੇ ਨੇ। ਸੋ ਉਨ੍ਹਾਂ ਨੇ ਹੁਕਮ ਕਰ ਦਿੱਤਾ ਕਿ ਘਰ ਵਿਚ ਵਿਆਹ ਕਰਨਾ ਹੀ ਨਹੀਂ, ਜੰਞ-ਘੋੜੀ ਵਾਲੇ ਪਾਸੇ ਝਾਕਣਾ ਹੀ ਨਹੀਂ। ਵਿਆਹ ਮੇਲੇ ਵਿਚ ਜਾਂ ਕਿਸੇ ਵੱਡੇ ਨਾਮਧਾਰੀ ਗੁਰਦਵਾਰੇ ਵਿਚ ਗੁਰਾਂ ਵਾਲੇ ਮਿੱਥੇ ਨਾਮਧਾਰੀ ਸੂਬਿਆਂ ਜਾਂ ਪ੍ਰਬੰਧਕਾ ਦੀ ਹਾਜ਼ਰੀ ਵਿਚ ਹੀ ਕਰਨਾ ਹੈ।

ਵਿਆਹ ਤੋਂ ਪਹਿਲਾਂ ਆਮ ਤੌਰ ਤੇ ਪ੍ਰਬੰਧਕਾਂ ਵੱਲੋਂ ਕੁੜੀ-ਮੁੰਡੇ ਕੋਲੋਂ ਜ਼ਬਾਨੀ ਜਪੁਜੀ ਸਾਹਿਬ ਦਾ ਪਾਠ ਤੇ ਅਰਦਾਸ ਸੁਣੀ ਜਾਂਦੀ ਹੈ। ਇਸ ਲਈ ਦੋਹਾਂ ਨੂੰ ਹੀ ਉਸ ਦੀ ਤਿਆਰੀ ਰਖਣੀ ਪੈਂਦੀ ਹੈ।

ਕਿਸ ਮੁੰਡੇ ਤੇ ਕਿਸ ਕੁੜੀ ਦਾ ਆਪਸ ਵਿਚ ਵਿਆਹ ਹੋਵੇ—ਇਸ ਦਾ ਫ਼ੈਸਲਾ ਕੁੜੀ ਤੇ ਮੁੰਡੇ ਦੇ ਮਾਪੇ ਪਰਸਪਰ ਸਮਾਜਿਕ ਜਾਣਕਾਰੀ ਦੇ ਆਧਾਰ ਤੇ ਇਕ ਦੂਜੇ ਨਾਲ ਮਿਲ ਕੇ ਕਰਦੇ ਹਨ—ਤੇ ਫਿਰ ਗੁਰੂ ਜੀ ਕੋਲੋਂ ਜਾਂ ਸਥਾਨਕ ਸੂਬੇ ਕੋਲੋਂ ਉਸ ਦੀ ਮਨਜ਼ੂਰੀ ਲੈਂਦੇ ਹਨ। ਕਈ ਵਾਰੀ ਆਪਣੀ ਕੋਸ਼ਿਸ਼ ਸਫ਼ਲ ਨਾ ਹੋਣ ਤੇ ਗੁਰਾਂ ਅੱਗੇ ਅਰਜ਼ ਕਰਦੇ ਹਨ ਕਿ ਕਿਰਪਾ ਕਰ ਕੇ ਸਾਡੇ ਲੜਕੇ ਜਾਂ ਲੜਕੀ ਦਾ ਆਨੰਦ ਕਰਵਾ ਦਿਓ। ਉਸ ਹਾਲਤ ਵਿਚ ਗੁਰੂ ਜੀ ਦੋਹਾਂ ਧਿਰਾਂ ਨੂੰ ਕਿਸੇ ਨਾ ਕਿਸੇ ਲੜਕੇ-ਲੜਕੀ ਦੀ ਦੱਸ ਪਾ ਦੇਂਦੇ ਹਨ, ਜਾਂ ਹੁਕਮ ਕਰਕੇ ਵੀ ਉਨ੍ਹਾਂ ਨੂੰ ਰਜ਼ਾਮੰਦ ਕਰ ਲੈਂਦੇ ਹਨ। ਵਿਆਹ ਦੇ ਸਮੇਂ ਵਿਚ ਅੱਜ ਕਲ੍ਹ ਗੁਰਾਂ ਨੇ ਢਿੱਲ ਦੇ ਦਿੱਤੀ ਹੈ। ਗੁਰੂ ਜੀ ਆਪਣੀ ਸਹੂਲਤ ਅਨੁਸਾਰ ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਵਿਆਹ ਕਰ ਦੇਂਦੇ ਹਨ।

## ਪਹਿਰਾਵਾ ਕੁੜੀ-ਮੁੰਡੇ ਦਾ

ਵਿਆਹ ਸਮੇਂ ਕੁੜੀ-ਮੁੰਡੇ ਕਿਸੇ ਦਾ ਵੀ ਬਿਊਟੀ ਪਾਰਲਰ ਵਿਚ ਜਾਣ ਦਾ ਕੋਈ ਸਵਾਲ ਨਹੀਂ। ਵਿਆਹ ਤੋਂ ਪਹਿਲਾਂ ਕੁੜੀ ਵੀ ਤੇ ਮੁੰਡਾ ਵੀ ਸਣਕੇਸੀਂ ਇਸ਼ਨਾਨ ਕਰਕੇ ਸੰਗਤ ਵਿਚ ਆਉਂਦੇ ਹਨ। ਵਿਆਹ ਸਮੇਂ ਪਹਿਰਾਵਾ ਦੋਹਾਂ ਦਾ ਹੀ ਸਫ਼ੇਦ ਹੁੰਦਾ ਹੈ। ਕਲੀਆਂ ਵਾਲਾ ਕੁੜਤਾ ਤੇ ਗੋਡਿਆਂ ਤਕ ਪੁਜਦਾ ਹੋਵੇ। ਕੁੜੀ ਦੇ ਸਿਰ ਚਿੱਟਾ ਪੂਰਾ ਦੁਪੱਟਾ ਹੁੰਦਾ ਹੈ—ਜੋ ਸਿਰ ਤੇ ਸਰੀਰ ਦੇ ਉਪਰਲੇ ਹਿੱਸੇ ਨੂੰ ਢੱਕਦਾ ਹੋਵੇ। ਕੁੜੀ ਦੇ ਤੇੜ ਚੂੜੀਦਾਰ ਸਲਵਾਰ ਹੁੰਦੀ ਹੈ, ਜਿਸ ਨੂੰ ਪੈਰਾਂ ਦੇ ਕੋਲ ਦੋ ਤਿੰਨ ਚੂੜੀਆਂ ਪੈਂਦੀਆਂ ਹੋਣ। ਸਲਵਾਰ ਦਾ ਪਹੁੰਚਾ ਏਨਾ ਕੁ ਖੁਲ੍ਹਾ ਹੁੰਦਾ ਹੈ—ਜੋ ਆਸਾਨੀ ਨਾਲ ਪੈਰਾਂ 'ਚੋਂ ਲੰਘ ਜਾਵੇ। ਗੁਰਸਿੱਖ ਮਰਯਾਦਾ ਅਨੁਸਾਰ ਰੇਬ ਕਛਹਿਰਾ ਸਲਵਾਰ ਦੇ ਅੰਦਰ ਸਦੀਵੀ ਰੂਪ ਵਿਚ ਰਹਿੰਦਾ ਹੀ ਹੈ। ਵਿਆਹ ਵੇਲੇ ਚਿੱਟੀਆਂ ਜੁਰਾਬਾਂ ਪਾਈਆਂ ਜਾ ਸਕਦੀਆਂ ਹਨ।

ਮੁੰਡੇ ਦਾ ਕੁੜਤਾ ਕਲੀਆਂ ਵਾਲਾ ਹੁੰਦਾ ਹੈ ਤੇ ਲੱਕ ਕੇਵਲ ਗੁਰਸਿੱਖਾਂ ਵਾਲਾ ਰੇਬ ਕਛਹਿਰਾ। ਵਿਆਹ ਸਮੇਂ ਪਜਾਮਾ ਨਹੀਂ ਪਹਿਨਿਆ ਜਾਂਦਾ—ਪੈਂਟ ਦਾ ਤਾਂ ਸਵਾਲ ਹੀ ਨਹੀਂ। ਕਛਹਿਰਾ ਗੋਡਿਆਂ ਦੀ ਚੱਪਣੀ ਤੋਂ ਇਕ ਦੋ ਉਂਗਲਾਂ ਉੱਚਾ ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com

ਕੁੜੀ ਸਣਕੇਸੀਂ ਇਸ਼ਨਾਨ ਕਰਕੇ ਅਤੇ ਸਿਰ ਦੇ ਪਿੱਛੇ ਗਰਦਨ ਤੋਂ ਥੋੜ੍ਹਾ ਉਪਰ ਕੇਸਾਂ ਦਾ ਜੂੜਾ ਕਰਦੀ ਹੈ।

ਮੁੰਡਾ ਵੀ ਸਣਕੇਸੀਂ ਇਸ਼ਨਾਨ ਕਰਕੇ ਸਿਰ ਦੇ ਵਿਚਕਾਰ ਜੂੜਾ ਕਰਦਾ ਤੇ ਸਿੱਧੀ ਚਿੱਟੀ ਨਾਮਧਾਰੀ ਦਸਤਾਰ ਸਜਾਉਂਦਾ ਹੈ। ਮੁੰਡੇ ਦੇ ਮੋਢੇ ਉੱਤੇ ਇਕ ਪਤਲਾ ਲੰਮਾ ਪੱਲਾ ਹੁੰਦਾ ਹੈ—ਜਿਸ ਨਾਲ ਕੁੜੀ ਦੇ ਦੁਪੱਟੇ ਦੀ ਕੰਨੀ ਬੰਨ੍ਹ ਦਿੱਤੀ ਜਾਂਦੀ ਹੈ। ਇਹ ਗੰਢ ਚਿਤਰਾਵਾ—ਉਸ ਵੇਲੇ ਦੇ ਪ੍ਰਬੰਧਕ ਸਿੰਘਾਂ ਵਿਚੋਂ ਕੋਈ ਇਕ ਕਰਦਾ ਹੈ। ਚਿਤਰਾਵੇ ਵਾਲੀ ਗੰਢ ਵਿਚ ਕੁੜੀ ਤੇ ਮੁੰਡੇ ਦੋਹਾਂ ਦੇ ਮਾਪਿਆਂ ਵੱਲੋਂ ਦਿੱਤਾ ਸਵਾ-ਸਵਾ ਰੁਪਇਆ—ਕੁਲ ਢਾਈ ਰੁਪਏ—ਬੰਨ੍ਹ ਦਿੱਤੇ ਜਾਂਦੇ ਹਨ। ਇਹੋ ਸਵਾ-ਸਵਾ ਰੁਪਇਆ ਹੀ ਨਾਮਧਾਰੀ ਵਿਆਹ ਦੇ ਖ਼ਰਚ ਵਜੋਂ ਪ੍ਰਸਿੱਧ ਹੈ।

ਵਿਆਹ ਤੋਂ ਪਹਿਲਾਂ ਮੁੰਡਾ ਉਸ ਲਈ ਮਿਥੇ ਆਸਣ ਉਪਰ ਬੈਠਦਾ ਹੈ। ਫਿਰ ਕੁੜੀ ਆਣ ਕੇ ਉਸ ਨੂੰ ਮੱਥਾ ਟੇਕ ਕੇ ਉਸ ਦੇ ਖੱਬੇ ਪਾਸੇ ਬੈਠ ਜਾਂਦੀ ਹੈ। ਕੁੜੀ ਨੇ ਘੁੰਡ ਨਹੀਂ ਕੱਢਿਆ ਹੁੰਦਾ, ਨਾ ਝੁੰਮਲਮਾਟਾ ਮਾਰੀ ਨੂੰ ਉਸ ਦੇ ਰਿਸ਼ਤੇਦਾਰ ਲਿਆਂ ਕੇ ਬਿਠਾਉਂਦੇ ਨੇ।

ਗੰਢ ਚਿਤਰਾਵੇ ਤੋਂ ਬਾਅਦ ਸੋਧੀ ਅੰਮ੍ਰਿਤਧਾਰੀ ਸਿੰਘ ਦੋਹਾਂ ਨੂੰ ਅੰਮ੍ਰਿਤ ਛਕਾਉਂਦਾ ਹੈ। ਕੁੜੀ ਚੌਕੜੀ ਮਾਰਿਆਂ ਹੋਇਆਂ ਹੀ ਅੰਮ੍ਰਿਤ ਛਕਦੀ ਹੈ, ਪਰ ਮੁੰਡੇ ਨੂੰ ਬੀਰ ਆਸਣ ਵਿਚ ਅੰਮ੍ਰਿਤ ਛਕਾਇਆ ਜਾਂਦਾ ਹੈ। ਬੀਰ ਆਸਣ ਦਾ ਅਰਥ ਹੈ—ਮੁੰਡਾ ਖੱਬੀ ਲੱਤ ਪੂਰੀ ਤਰ੍ਹਾਂ ਮੋੜ ਕੇ ਉਸ ਗੋਡੇ ਨੂੰ ਜ਼ਮੀਨ ਤੇ ਟਿਕਾ ਦੇਂਦਾ ਹੈ, ਤੇ ਸੱਜੀ ਲੱਤ ਨੂੰ ਗੋਡੇ ਤੋਂ ਮੋੜ ਕੇ ਸਿੱਧਾ ਰਹਿ ਜਾਂਦਾ ਹੈ। ਮੁੰਡੇ ਦੇ ਲੱਕ ਕਮਰਕੱਸਾ ਕੀਤਾ ਜਾਂਦਾ ਹੈ ਤੇ ਉਸ ਕਮਰਕੱਸੇ ਵਿਚ ਇਕ ਪਾਸੇ ਵੱਖੀ ਦੇ ਕੋਲ ਛੋਟਾ ਜਿਹਾ ਸਫਾਜੰਗ (ਟਕੂਆ) ਅੜਾਇਆ ਜਾਂਦਾ ਹੈ। ਕੁੜੀ ਨੂੰ ਕਮਰਕੱਸਾ ਨਹੀਂ ਲਵਾਇਆ ਜਾਂਦਾ, ਨਾ ਸਫਾਜੰਗ ਹੀ ਅੜਾਇਆ ਜਾਂਦਾ ਹੈ।

ਇਸ ਤੋਂ ਅਗਾਹ ਅੰਮ੍ਰਿਤ ਛਕਾਉਣ ਦੀ ਵਿਧੀ ਦੋਹਾਂ ਲਈ ਇਕੋ ਜਿਹੀ ਹੈ। ਖੱਬੇ ਹੱਥ ਦੀ ਥੋੜ੍ਹੀ ਅੰਦਰ ਨੂੰ ਮੋੜੀ ਤਲੀ ਉਪਰ ਸੱਜੇ ਹੱਥ ਦੀ ਤਲੀ ਨੂੰ ਕਟੋਰਾਨੁਮਾ ਬਣਾਇਆ ਜਾਂਦਾ ਹੈ। ਅੰਮ੍ਰਿਤ ਛਕਾਉਣ ਵਾਲਾ ਸਿੰਘ ਉਸ ਤਲੀ ਵਿਚ ਅੰਮ੍ਰਿਤ ਪਾ ਕੇ ਆਖਦਾ ਹੈ—"ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।" ਅਤੇ ਮੁੰਡਾਂ ਜਾਂ ਕੁੜੀ ਉਹ ਅੰਮ੍ਰਿਤ ਬੁੱਲ੍ਹਾਂ ਤਕ ਲਿਜਾਣ ਤੋਂ ਪਹਿਲਾਂ ਆਖਦੇ ਨੇ—"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।" ਇਸੇ ਤਰ੍ਹਾਂ ਪੰਜ ਵਾਰੀ ਅੰਮ੍ਰਿਤਪਾਨ ਕਰਵਾਇਆ ਜਾਂਦਾ ਹੈ ਤੇ ਪੰਜ ਵਾਰੀ ਹੀ ਫਤਹਿ ਬੁਲਵਾਈ ਜਾਂਦੀ ਹੈ। ਫਿਰ ਅੱਖਾਂ ਖੁਲ੍ਹੀਆਂ ਰਖਕੇ ਪੰਜ ਪੰਜ ਵਾਰੀ ਅੱਖਾਂ ਵਿਚ ਅੰਮ੍ਰਿਤ ਦੇ ਛੱਟੇ ਮਾਰੇ ਜਾਂਦੇ ਤੇ ਵਾਹਿਗੁਰੂ ਜੀ ਕੀ ਫਤਹਿ ਬੁਲਵਾਈ ਜਾਂਦੀ ਹੈ। ਤੀਜੀ ਵਾਰੀ ਮੁੰਡੇ ਦੇ ਸਿਰ ਦੇ ਜੂੜੇ ਤੋਂ ਅਤੇ ਕੁੜੀ ਦੇ ਸਿਰ ਤੋਂ ਥੋੜ੍ਹਾ ਜਿਹਾ ਪੱਲਾ ਖਿਸਕਾ ਕੇ ਪੰਜ ਵਾਰੀ ਕੇਸਾਂ ਵਿਚ ਅੰਮ੍ਰਿਤ ਦੇ ਛੱਟੇ ਮਾਰੇ ਜਾਂਦੇ ਤੇ ਪੰਜ ਪੰਜ ਵਾਰੀ ਫੇਰ ਵਾਹਿਗੁਰੂ ਜੀ ਕੀ ਫਤਹਿ ਬੁਲਵਾਈ ਜਾਂਦੀ ਹੈ। ਫਿਰ ਉਨ੍ਹਾਂ ਦੇ ਹੱਥ ਮੂੰਹ ਸੁੱਚੇ ਜਲ ਨਾਲ ਧਵਾ ਦਿਤੇ ਜਾਂਦੇ ਹਨ।

**ਲਾਵਾਂ ਫੇਰੇ**

ਹਵਨ ਕੁੰਡ ਤੇ ਵੇਦੀ ਤੋਂ ਥੋੜ੍ਹੀ ਦੂਰ ਉਪਰ ਹੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਕੋਲ ਹੀ ਗੁਰੂ ਜੀ ਆਪਣੇ ਆਸਣ ਉਪਰ ਬੈਠਦੇ ਹਨ। ਜਿੰਨੇ ਜੋੜਿਆ ਦੇ ਵਿਆਹ ਹੋਣੇ ਹੋਣ ਉਹਨਾਂ ਦੇ ਹਿਸਾਬ ਹੀ ਪਾਠੀ-ਜਨ ਗੁਰੂ ਗਰੰਥ ਦੀ ਤਾਬਿਆ ਬੈਠੇ ਹੁੰਦੇ ਹਨਨ। ਹੁਕਮ ਮਿਲਦਿਆਂ ਹੀ ਪਾਠੀ ਗੁਰੂ ਗਰੰਥ ਸਾਹਿਬ ਵਿਚੋਂ ਚੌਥੀ ਪਾਤਸ਼ਾਹੀ ਦੀ ਬਾਣੀ 'ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦਿੜਾਇਆ ਬਲਿਰਾਮ ਜੀਉ...' ਤੋਂ ਉਚਾਰਨ ਕਰਦੇ ਹਨ। ਉਸੇ ਵੇਲੇ ਨਾਲ ਦੀ ਨਾਲ ਹੀ ਉਠ ਕੇ ਮੁੰਡਾ ਅੱਗੇ ਤੇ ਕੁੜੀ ਪਿੱਛੇ ਵੇਦੀ ਦੇ ਅੰਦਰ ਤੇ ਹਵਨ ਕੁੰਡ ਦੇ ਦਵਾਲੇ ਪਹਿਲਾ ਫੇਰਾ ਲੈਣ ਲਗਦੇ ਹਨ। ਓਧਰੋਂ ਲਾਵ ਪੂਰੀ ਹੁੰਦੀ ਹੈ, ਏਧਰ ਇਨ੍ਹਾਂ ਦਾ ਫੇਰਾ। ਜਿੰਨਾ ਚਿਰ ਫੇਰਾ ਪੂਰਾ ਨਹੀਂ ਹੁੰਦਾ ਓਨਾ ਓਨਾ ਚਿਰ ਪਾਠੀ ਦੂਜੀ ਲਾਵ ਦਾ ਉਚਾਰਨ ਸ਼ੁਰੂ ਨਹੀਂ ਕਰਦੇ। ਫਿਰ ਦੂਜੀ ਲਾਵ ਦਾ ਉਚਾਰਨ ਸ਼ੁਰੂ ਹੁੰਦਾ ਹੈ ਤੇ ਦੂਜੇ ਫੇਰੇ ਦਾ ਆਰੰਭ ਵੀ। ਏਸੇ ਤਰ੍ਹਾਂ, ਚਾਰ ਲਾਵਾਂ ਪੜ੍ਹੀਆਂ ਜਾਂਦੀਆਂ ਤੇ ਚਾਰ ਫੇਰੇ ਪੂਰੇ ਕੀਤੇ ਜਾਂਦੇ ਹਨ। ਫੇਰੇ ਲੈਣ ਤੋਂ ਬਾਅਦ ਜੋੜੀ ਫਿਰ ਆਪਣੇ ਆਪਣੇ ਆਸਣ ਤੇ ਬਹਿ ਜਾਂਦੀ ਹੈ ਤੇ ਉਨ੍ਹਾਂ ਨੂੰ ਕੜਾਹ ਪ੍ਰਸ਼ਾਦ ਮਿਲਦਾ ਹੈ।

ਨਾਮਧਾਰੀ ਆਨੰਦ ਮਰਯਾਦਾ ਅਨੁਸਾਰ—ਵਿਆਹ ਦੇ ਫੇਰੇ ਚਾਰ ਹੀ ਹੁੰਦੇ ਹਨ ਅਤੇ ਉਹ ਸੱਜਿਓਂ ਖੱਬੇ ਨੂੰ ਅਰਥਾਤ ਐਂਟੀ ਕਲੌਕ ਵਾਈਜ਼ ਹੁੰਦੇ ਹਨ। ਜੇ ਦੋਹਾਂ ਵਿਚੋਂ ਕਿਸੇ ਦੇ ਮਾਪਿਆਂ ਨੇ ਵਿਆਹ ਦੇ ਨਮਿਤ ਗਰੰਥ ਸਾਹਿਬ ਦਾ ਪਾਠ ਕੀਤਾ ਹੋਇਆ ਹੋਵੇ ਤਾਂ ਉਸ ਪਾਠ ਦੇ ਭੋਗ ਦੇ ਸਲੋਕ ਪੜ੍ਹੇ ਜਾਂਦੇ ਹਨ। ਫਿਰ ਆਨੰਦ ਸਾਹਿਬ ਦੀਆਂ ੬ ਪੌੜੀਆਂ ਦਾ ਕੀਰਤਨ ਹੁੰਦਾ ਹੈ, ਖਲੋ ਕੇ ਅਰਦਾਸ ਹੁੰਦੀ ਹੈ



Sri Satguru Jagjit Singh Ji eLibrary NamdhariElibrary@gmail.com

ਤੇ ਫਿਰ ਗੰਢ-ਚਿਤਰਾਵਾ ਖੋਲ੍ਹ ਦਿਤਾ ਜਾਂਦਾ ਹੈ। ਅੰਤ ਤੇ ਮੁੰਡਾ-ਕੁੜੀ ਗੁਰੂ ਗਰੰਥ ਸਾਹਿਬ ਅਤੇ ਗੁਰੂ ਜੀ ਨੂੰ ਮੱਥਾ ਟੇਕਣ ਆਉਂਦੇ ਹਨ। ਗੁਰੂ ਜੀ ਅਸ਼ੀਰਵਾਦ ਨਾਲ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਉਪਦੇਸ਼ ਦੇਂਦੇ ਹਨ ਕਿ ਆਪਸ ਵਿਚ ਪ੍ਰੇਮ ਪਿਆਰ ਨਾਲ ਰਹਿਣਾ, ਨਾਮ ਬਾਣੀ ਦਾ ਸਿਮਰਨ ਕਰਨਾ। ਦਾਜ ਨਾ ਲੈਣਾ ਨਾ ਦੇਣਾ, ਘਰ ਜਾ ਕੇ ਕੋਈ ਵਿਆਹ ਪਾਰਟੀ ਨਹੀਂ ਕਰਨੀ। ਗੁਰਮੁਖਾਂ ਵਾਲਾ ਜੀਵਨ ਜਿਉਣਾ।

ਵਿਆਹ ਤੋਂ ਬਾਅਦ ਵਿਆਹ ਮੰਡਪ ਤੋਂ ਹੀ ਕੁੜੀ ਨੇ ਪੰਦਰਾਂ ਦਿਨਾਂ ਲਈ ਸਿਧੇ ਸਹੁਰੇ ਘਰ ਜਾਣਾ ਹੁੰਦਾ ਹੈ। ਉਹ ਉਸ ਵੇਲੇ ਪੇਕੇ ਘਰ ਨਹੀਂ ਜਾਂਦੀ।

ਦਾਜ ਲੈਣ-ਦੇਣ ਦੀ ਗੁਰਾਂ ਵਲੋਂ ਪੂਰੀ ਮਨਾਹੀ ਹੈ।

ਕੁੜੀ ਦਾ ਵਿਆਹ ਵਾਲਾ ਜੋੜਾ ਵੀ ਕੁੜੀ ਦੇ ਮਾਪੇ ਹੀ ਤਿਆਰ ਕਰਵਾਉਂਦੇ ਹਨ, ਮੁੰਡੇ ਵਾਲੇ ਨਹੀਂ। ਉਹ ਜੋੜਾ ਵੀ ਸਿਧਾ ਸਾਦਾ ਸਫੇਦ।

ਵਿਆਹ ਤੋਂ ਪਹਿਲਾਂ ਨਾ ਛੁਹਾਰਾ, ਨਾ ਸਗਨ, ਨਾ ਚੁੰਨੀ ਚੜ੍ਹਾਈ ਇਹੋ ਜਿਹੀ ਕੋਈ ਰਸਮ ਨਹੀਂ ਕੀਤੀ ਜਾਂਦੀ।

ਵਿਆਹ ਤੈਅ ਕਰਨ ਸਮੇਂ ਕੇਵਲ ਇਕ ਦੂਜੇ ਨੂੰ ਬਚਨ ਦਿਤਾ ਜਾਂਦਾ ਹੈ। ਨਾ ਸਗਾਈ, ਨਾ ਕੁੜਮਾਈ, ਨਾ ਠਾਕਾ, ਕੁਝ ਨਹੀਂ ਹੁੰਦਾ।

ਵਿਆਹ ਦੀ ਨਿਸਚਿਤ ਤਾਰੀਖ ਰਿਸ਼ਤੇਦਾਰਾਂ, ਦੋਸਤਾਂ ਨੂੰ ਦੱਸਣ ਲਈ ਵਿਆਹ ਦਾ ਕਾਰਡ ਵੀ ਛਾਪ ਕੇ ਭੇਜਣ ਦੀ ਗੁਰਾਂ ਵਲੋਂ ਇਜਾਜ਼ਤ ਨਹੀਂ, ਸਖਤ ਮਨਾਹੀ ਹੈ।

ਸਹੁਰੇ ਪੇਕੇ ਫੇਰਿਆਂ ਦਾ ਰਿਵਾਜ ਨਹੀਂ।

ਕੁੜੀ ਦੇ ਹੱਥ ਇਕ ਲੋਹੇ ਜਾਂ ਸਟੀਲ ਦੇ ਕੜੇ ਤੋਂ ਬਿਨਾਂ ਪੂਰੇ ਬਦਨ ਉਪਰ ਕੋਈ ਗਹਿਣਾ ਨਹੀਂ ਰਹਿੰਦਾ। ਨਾ ਵਾਲੀਆਂ, ਨਾ ਕਾਂਟੇ, ਨਾ ਕੰਠਹਾਰ, ਨਾ ਟਿੱਕਾ, ਨਾ ਪੰਜੇਬਾਂ, ਨਾ ਲਾਲ ਚੂੜਾ, ਨਾ ਵੰਗਾਂ ਤੇ ਨਾ ਕਿਸੇ ਵੀ ਤਰ੍ਹਾਂ ਦੀਆਂ ਚੂੜੀਆਂ ਜਾਂ ਮੁੰਦਰੀਆਂ ਛਾਪਾਂ।

ਮੁੰਡੇ ਦੇ ਬਦਨ ਉਪਰ ਵੀ ਕੋਈ ਗਹਿਣਾ ਨਹੀਂ ਰਹਿੰਦਾ। ਨਾ ਸੋਨੇ ਚਾਂਦੀ ਦੀ ਜੰਜੀਰੀ, ਨਾ ਛਾਪ ਮੁੰਦਰੀ ਨਾ ਸੋਨੇ ਦਾ ਕੜਾ।

## ਵਿਧਵਾ ਵਿਆਹ

ਵਿਧਵਾ ਜਾਂ ਵਿਧੁਰ ਦੇ ਵਿਆਹ ਸਮੇਂ ਆਮ ਤੌਰ ਤੇ ਗੁਰਾਂ ਦੇ ਸਾਹਮਣੇ ਉਨ੍ਹਾਂ ਦੇ ਵਿਆਹ ਦੀ ਅਰਦਾਸ ਹੀ ਕਰ ਦਿੱਤੀ ਜਾਂਦੀ ਹੈ, ਲਾਵਾਂ ਫੇਰੇ ਨਹੀਂ ਕੀਤੇ ਜਾਂਦੇ।

## ਤਲਾਕ

ਵਿਆਹ ਤੋਂ ਬਾਅਦ ਜੇ ਕਿਸੇ ਕਾਰਨ ਦੋਹਾਂ ਜੀਆਂ ਦੀ ਬਣ ਨਾ ਆਵੇ ਤਾਂ ਕੋਰਟ ਕਚਹਿਰੀ ਜਾਣ ਦੀ ਲੋੜ ਨਹੀਂ ਪੈਂਦੀ। ਗੁਰਾਂ ਦੀ ਪਹਿਲੀ ਕੋਸ਼ਿਸ਼ ਤਾਂ ਹੁੰਦੀ ਹੈ ਕਿ ਕਿਸੇ ਤਰ੍ਹਾਂ ਦੋਹਾਂ ਧਿਰਾਂ ਨੂੰ ਸਮਝਾ ਬੁਝਾ ਕੇ ਇਕੱਠਿਆਂ ਜੀਵਨ ਜਿਊਣ ਲਈ ਪ੍ਰੇਰਿਤ ਕਰਨ। ਫਿਰ ਵੀ ਜੇ ਕਿਸੇ ਤਰ੍ਹਾਂ ਵੀ ਇਹ ਸੰਭਵ ਨਾ ਹੋਵੇ ਤਾਂ ਗੁਰਾਂ ਦੇ ਹੁਕਮ ਅਨੁਸਾਰ ਉਹ ਆਪਸ ਵਿਚ ਇਕ ਦੂਜੇ ਤੋਂ ਵੱਖ ਹੋ ਸਕਦੇ ਤੇ ਦੋਵੇਂ ਫਿਰ ਤੋਂ ਕਿਸੇ ਹੋਰ ਥਾਂ ਵਿਆਹ ਕਰ ਸਕਦੇ ਹਨ।

ਵਿਆਹ ਸਮੇਂ ਜੇ ਕਿਸੇ ਕਾਰਨ ਮੁੰਡਾ ਜਾਂ ਕੁੜੀ ਨਾ ਪਹੁੰਚ ਸਕਣ ਦੋਹਾਂ ਵਿਚੋਂ ਕਿਸੇ ਦੇ ਵੀ ਮਾਪਿਆਂ ਲਈ ਸਮਾਜ ਵਿਚ ਇਸ ਗੱਲੋਂ ਨਮੋਸ਼ੀ ਆਉਣ ਦਾ ਡਰ ਹੋਵੇ ਤਾਂ ਗੁਰੂ ਜੀ ਉਸ ਵੇਲੇ ਕਿਸੇ ਵੀ ਸਿੱਖ ਦੀ ਵਿਆਹੁਣ ਯੋਗ ਲੜਕੀ ਜਾਂ ਲੜਕੇ ਨੂੰ ਵਿਆਹ ਲਈ ਉਸ ਕੋਲੋਂ ਮੰਗ ਸਕਦੇ ਤੇ ਵਿਆਹ ਮੰਡਪ ਵਿਚ ਪਹੁੰਚ ਇਕੱਲੇ ਲੜਕੇ ਜਾਂ ਲੜਕੀ ਨੂੰ ਵਿਆਹ ਦੇਂਦੇ ਹਨ।

ਇਹੋ ਜਿਹੇ ਸਮੇਂ ਗੁਰਾਂ ਦਾ ਹੁਕਮ ਮੰਨ ਕੇ ਕੋਈ ਵੀ ਮੁਰੀਦ ਆਪਣੇ ਆਪ ਨੂੰ ਧੰਨ ਤੇ ਭਾਗਾਂ ਵਾਲਾ ਹੀ ਮੰਨਦਾ ਹੈ।

ਗੁਰਾਂ ਦੀ ਇਹ ਕੋਸ਼ਿਸ਼ ਹਰ ਸਮੇਂ ਹੀ ਰਹਿੰਦੀ ਹੈ ਕਿ ਨਾਮਧਾਰੀ ਲੜਕੇ ਜਾਂ ਲੜਕੀ ਦਾ ਵਿਆਹ ਨਾਮਧਾਰੀ ਪਰਿਵਾਰ ਵਿਚ ਹੀ ਹੋਵੇ। ਗੈਰ-ਨਾਮਧਾਰੀ ਪਰਿਵਾਰ ਵਿਚ ਕਿਸੇ ਦੇ ਵੀ ਵਿਆਹ ਤੋਂ ਬਾਅਦ ਉਸ ਦੇ ਉਮਰ ਭਰ ਦੇ ਸੰਸਕਾਰ ਪਰੇਸ਼ਾਨੀ ਦਾ ਕਾਰਣ ਬਣਦੇ ਹਨ। ਮਾਸ, ਸ਼ਰਾਬ ਤੇ ਤੰਬਾਕੂ ਦੀ ਵਰਤੋਂ ਇਸ ਪੱਖੋਂ ਬਹੁਤ ਬਖੇੜਾ ਖੜਾ ਕਰ ਸਕਦੀ ਹੈ।

(ਮਾਸਿਕ 'ਨਾਗਮਣੀ' ਮਾਰਚ ੧੯੯੯ 'ਚੋਂ
ਧੰਨਵਾਦ ਸਹਿਤ ਪ੍ਰਾਪਤ)

(ੲ)



Sri Satguru Jagjit Singh Ji eLibrary NamdhariElibrary@gmail.com

# ਦੋ ਗ਼ਜ਼ਲਾਂ

—ਬਖ਼ਸ਼ੀਸ਼ ਪੰਜਾਬੀ

( ੧ )

ਮੈਂ ਵੀ ਹਾਂ, ਤੇਰਾ ਪੁਜਾਰੀ ਵੇਖ ਲੈ!
ਦਰ ਤੇਰੇ, ਉਮਰਾ ਗੁਜ਼ਾਰੀ ਵੇਖ ਲੈ!

ਜਿਸ ਤਰ੍ਹਾਂ, ਜਿਦਾਂ ਵੀ ਮੈਥੋਂ ਹੋ ਸਕੀ,
ਆਰਤੀ, ਤੇਰੀ ਉਤਾਰੀ ਵੇਖ ਲੈ!

ਪਿੱਠ ਪਿੱਛੋਂ ਵੀ ਲਗਾਉਂਦੀ ਜ਼ਖ਼ਮ ਜੋ-
ਹੈ ਛੁਰੀ, ਦੁਨੀਆਂ ਦੋ ਧਾਰੀ ਵੇਖ ਲੈ!

ਹਾਲੀ ਵੀ, ਭੁੱਖਾ ਤਿਹਾਇਆ ਮਰ ਰਿਹੈ,
ਲੈ ਵੇਖ ਲੈ, ਭੋਲੇ ਭੰਡਾਰੀ ਵੇਖ ਲੈ!

ਭੇਟ ਕੀ ਦੇਵੇ, ਸੁਦਾਮਾਂ ਸੰਗਦੈ,
ਐ ਮੇਰੇ, ਬਾਂਕੇ ਬਿਹਾਰੀ ਵੇਖ ਲੈ!

ਮੰਨਿਆ, ਕਵਿਤਾ ਹੈ ਉਸਦੀ ਬੇਨਜ਼ੀਰ,
ਪਰ, ਗ਼ਜ਼ਲ ਦਾ ਵੀ ਲਿਖਾਰੀ ਵੇਖ ਲੈ!

ਬਾਤ ਨਾ ਪਾਵੇ, ਕਦੀ ਮਿਲ ਬਹਿਣ ਦੀ,
ਫੇਰ ਕੀ, ਕਵਿਤਾ ਉਚਾਰੀ ਵੇਖ ਲੈ!

ਮੁਦਤਾਂ ਤੋਂ, ਹੋ ਰਹੀ ਜਿਸ ਦੀ ਉਡੀਕ,
ਦੀਦ ਕਿੰਜ, ਦੇਵੇ ਉਧਾਰੀ ਵੇਖ ਲੈ?

ਜਰ ਨਹੀਂ ਹੋਈ, ਵਿਛੋੜੇ ਦੀ ਕਸਕ,
ਬੇ-ਖ਼ੁਦੀ ਵਿਚ, ਚੀਕ ਮਾਰੀ ਵੇਖ ਲੈ!

ਡੂੰਘੀਆਂ, ਸੋਚਾਂ ਦਾ ਪਾਣੀ ਚੜ੍ਹ ਗਿਐ,
ਡੋਬ ਨਾ ਦਏ ਐਸ ਵਾਰੀ ਵੇਖ ਲੈ!

ਰੱਬ ਲੱਭੇਂ, ਤੂੰ ਗਰੰਥਾਂ ਵਿਚ ਪਰ,
ਮੇਰਾ ਰੱਬ ਹੈ ਦੇਹਧਾਰੀ ਵੇਖ ਲੈ!

( ੨ )

ਜ਼ਿੰਦਗੀ ਜੀਣਾ ਸਿਖਾਇਆ ਉਸ ਨੇ।
ਅੱਣਖ ਦਾ ਜਜ਼ਬਾ ਜਗਾਇਆ ਉਸ ਨੇ।

ਧਾਰ ਕੇ ਅਵਤਾਰ ਪਟਨੇ ਸ਼ਹਿਰ ਵਿਚ,
ਲਾਲ ਗੁਜਰੀ ਦਾ ਕਹਾਇਆ ਉਸ ਨੇ।

ਸਾਰਿਆਂ ਦੇ ਵਿਚ ਓਹ ਹੀ ਵੱਸਦੈ,
ਇਹ ਘਨਈਏ ਨੂੰ ਵਿਖਾਇਆ ਉਸ ਨੇ।

ਉਸ ਦੀਆਂ ਨਜ਼ਰਾਂ 'ਚ ਕੋਈ ਗੈਰ ਨਹੀਂ,
ਹੈ ਭਲਾ ਸਭ ਦਾ ਮਨਾਇਆ ਉਸ ਨੇ।

ਛੋਟੇ ਤੇ ਵੱਡੇ ਬਰਾਬਰ ਕਰਨ ਲਈ,
ਖੰਡੇ ਦਾ ਅੰਮ੍ਰਿਤ ਪਿਲਾਇਆ ਉਸ ਨੇ।

ਨਿੱਕਿਆਂ ਖੰਭਾਂ ਦਾ ਡਿੱਠਾ ਜੋਸ਼ ਮੈਂ,
ਬਾਜ਼ ਚਿੜੀਆਂ ਤੋਂ ਤੁੜਾਇਆ ਉਸ ਨੇ।

ਚਾਲ ਹਾਥੀ ਦੀ ਤੇ ਜਿਗਰਾ ਸ਼ੇਰ ਦਾ,
ਖਾਲਸਾ ਐਸਾ ਸਜਾਇਆ ਉਸ ਨੇ।

ਮਾਂ, ਪਿਉ, ਪੁੱਤ ਚਾਰ ਲੇਖੇ ਪੰਥ ਦੇ,
ਸਾਰਾ ਹੀ ਪਰਵਾਰ ਲਾਇਆ ਉਸ ਨੇ।

ਜ਼ੁਲਮ ਦੇ ਭਾਂਬੜ ਮਚਾਏ ਜ਼ਾਲਮਾਂ,
ਸਿਰ ਨਹੀਂ ਡਰ ਕੇ ਝੁਕਾਇਆ ਉਸ ਨੇ।

ਤਾਣ ਕੇ ਸੀਨਾ ਅਗੇਰੇ ਹੋਣਗੇ,
ਜਦ ਕਦੀ ਹੁਣ ਵੀ ਬੁਲਾਇਆ ਉਸ਼ ਨੇ।

ਇਕ ਮੂੰਹ ਐਧਰ ਤੇ ਦੂਜਾ ਉਸ ਤਰਫ,
ਸਬਕ ਇਹ ਕਦ ਸੀ ਪੜ੍ਹਾਇਆ ਉਸ ਨੇ?

ਰਾਜ ਕਰ ਸਕਦੇ ਪੰਜਾਬੀ ਜੱਗ ਤੇ,
ਫੁਟ ਤੋਂ ਜੇਕਰ ਬਚਾਇਆ ਉਸ ਨੇ।



Sri Satguru Jagjit Singh Ji eLibrary NamdhariElibrary@gmail.com

# ਦੋ ਕਵਿਤਾਵਾਂ / ਸੁਬੇਗ ਸੱਧਰ

## ਚਿਹਰੇ

ਕਿਤਾਬਾਂ ਮੇਰੇ ਕੋਲ ਪਈਆਂ ਹਨ
ਅਣਪੜ੍ਹੀਆਂ ਅਣਖੁਲ੍ਹੀਆਂ ।
ਕਮਰੇ ਦੀ ਚੁੱਪ ਵਿਚ
ਅਣਕਹੇ ਦਾ ਸ਼ੋਰ ਹੈ।
ਮੈਂ ਆਪਣਾ ਚਿਹਰਾ
ਆਪਣੇ 'ਚੋਂ ਲੱਭਾਂ
ਪਰ ਮਿਲ ਜਾਂਦਾ
ਕੋਈ ਹੋਰ ਹੈ।
ਅਣਚਾਹੇ ਚਿਹਰੇ ਦੀ
ਕਿੱਥੇ ਡੋਰ ਹੈ।
ਆਕਾਸ਼ ਦੇ ਸਫ਼ੇ ਤੇ
ਪਤੰਗ ਵਾਂਗੂੰ ਉੱਡਦਾ
ਮੈਂ ਫੜਾਂ
ਫੜਿਆ ਨਾ ਜਾਏ
ਮੈਂ ਪੜ੍ਹਾਂ
ਪੜ੍ਹਿਆ ਨਾ ਜਾਏ
ਚਿਹਰਾ ਮੇਰਾ ਬੇਗ਼ਾਨਾ
ਏਨੇ ਸਾਰੇ ਚਿਹਰੇ
ਅਣਪੜ੍ਹੇ, ਅਣਲੱਭੇ
ਚਿਹਰੇ ਦਰ ਚਿਹਰੇ
ਕਿਥੋਂ ਆਏ
ਕਿ ਮੇਰਾ ਆਪਾ
ਮੇਰਾ ਚਿਹਰਾ
ਚਿਹਰਿਆਂ ਦੇ ਹਜੂਮ ਵਿਚ
ਗੁੰਮ ਹੁੰਦਾ ਜਾਏ
ਗ਼ੈਰ ਨਕਸ਼ਾਂ ਦਾ ਹਰ ਚਿਹਰਾ
ਮੇਰਾ ਚਿਹਰਾ ਕਿਉਂ ਬਣ ਜਾਏ
ਵੱਖੋ ਵੱਖ ਚਿਹਰਿਆਂ ਵਿਚੋਂ
ਕੌਣ ਪੜ੍ਹੇਗਾ ਮੈਨੂੰ ?
ਬਿਗਾਨੇ ਚਿਹਰਿਆਂ ਦਾ ਮੈਂ ਪ੍ਰਛਾਵਾਂ
ਕੌਣ ਫੜੇਗਾ ਮੈਨੂੰ ?
ਕਮਰੇ ਵਿਚ ਸਭ ਚਿਹਰੇ
ਬਿਖਰੇ ਬਿਖਰੇ
ਰੂਹਾਂ ਨਾਲੋਂ ਦਿਲ ਨੈ
ਨਿੱਖੜੇ ਨਿੱਖੜੇ
ਕਿਤਾਬਾਂ ਮੇਰੇ ਕੋਲ ਪਈਆਂ ਹਨ
ਅਣਪੜ੍ਹੀਆਂ ਅਣਖੁਲ੍ਹੀਆਂ
ਜੀਕਣ ਇਹ ਸਭ ਚਿਹਰੇ
ਮੇਰੇ ਹੋ ਕੇ ਵੀ, ਜੋ
ਸੱਚਮੁੱਚ ਨਹੀਂ ਮੇਰੇ ।

## ਮੰਗ

ਮੁਸਕਾਨ ਤੇਰੀ ਨੱਚੇ
ਨਵ-ਉੱਗੇ ਸੂਰਜ ਦੀਆਂ ਕਿਰਨਾਂ ਸੰਗ
ਰੱਬ ਹੱਸਦਾ ਫਿਰੇ ਅੰਦਰ ਬਾਹਰ ਘਰ ਦੇ
ਕੁਝ ਤਾਂ ਮੰਗ !
ਹਾਸੇ ਅਣਮੁੱਲੇ, ਦਿਲ ਦੀਆਂ ਅਣਪੁੱਗੀਆਂ
ਅਣਖੁਲ੍ਹੀਆਂ ਦੇ ਭੇਦ ਨਿਸ਼ੰਗ
ਕੁਝ ਤਾਂ ਮੰਗ !
ਆਪਣੇ ਚਿਹਰੇ ਦੀ ਹਰ ਰੇਖਾ ਦਾ
ਕੋਈ ਨਵਾਂ ਹੀ ਰੰਗ
ਚਹੁੰ ਦੀਵਾਰਾਂ 'ਚੋਂ ਕੋਈ ਬੂਹਾ
ਕਿਉਂ ਨਹੀਂ ਲੱਭਦਾ ਤੈਨੂੰ
ਰੱਬ ਦੀ ਉਂਗਲੀ ਫੜਕੇ ਲੰਘ।
ਸੁੱਤ-ਉਨੀਂਦੇ ਸ਼ਹਿਰ ਦੀਆਂ ਸੜਕਾਂ 'ਤੇ
ਅਜੇ ਛਿੜੀ ਨਹੀਂ
ਰੋਜ਼ਮੱਰਾ ਦੀ ਜੰਗ।
ਦੇਖ ਆਕਾਸ਼
ਨੀਲੱਤਣ ਫੈਲਾਏ ਖੰਭ,
ਬ੍ਰਹਿਮੰਡ ਉੱਡਦਾ ਪੰਛੀ ਜਾਪੇ
ਧੂੰਏਂ ਡੋਲ੍ਹ ਤਰੰਗ
ਕੁਝ ਤਾਂ ਮੰਗ !
ਭਗਵਾਂ ਚੋਲਾ ਪਹਿਨਕੇ ਸੂਰਜ
ਸਾਧੂ ਜਿਉਂ ਮਲੰਗ
ਵੰਡੇ ਸੱਤੇ ਖ਼ੈਰਾਂ, ਮੁਸਕਾਨਾਂ, ਵਰ ਅਸੀਸ
ਰੱਤਿਆ ਰੱਬ ਦੇ ਰੰਗ
ਰੱਜੇ ਨੰਗ ਮੁਨੰਗ
ਕੁਝ ਤਾਂ ਮੰਗ !
ਮੁਸਕਾਨ ਤੇਰੀ ਨੱਚੇ
ਨਵੇਂ ਉੱਗੇ ਸੂਰਜ ਦੀਆਂ ਕਿਰਨਾਂ ਸੰਗ !!



Sri Satguru Jagjit Singh Ji eLibrary NamdhariElibrary@gmail.com

## ਪੀੜਾਂ

—ਬਲਵਿੰਦਰ ਗੋਇੰਦਵਾਲ

ਰਾਤ ਹਨੇਰੀ ਉੱਠੀਆਂ ਪੀੜਾਂ,
ਨੀ ਮੈਂ ਕੀਹਨੂੰ ਕੋਲ ਬਲਾਵਾਂ !

ਪਲ ਵਿਚ ਨੇ ਜਮ ਪਈਆਂ ਪੀੜਾਂ—
ਨੀਂ ਮੈਂ ਕਿਦਾਂ ਕੁੱਛੜ ਚਾਵਾਂ ?

ਜਾਚ ਨਾ ਆਵੇ ਲੋਕਾ ਮੈਨੂੰ,
ਮੈਂ ਛਮ ਛਮ ਰੋਂਦੀ ਜਾਵਾਂ ।

ਕਿਹੜਾ ਚੁੱਕ ਖਿਡਾਵੇ ਇਹਨਾਂ,
ਨੀ ਮੈਂ ਕੀਹਦੇ ਦੁਧੇ ਪਾਵਾਂ ।

ਰਿੜ ਖਿੜ ਪੀੜਾਂ ਤੁਰਨਾ ਸਿਖੀਆਂ,
ਨੀ ਮੈਂ ਕੀਹਦੀ ਉਂਗਲੀ ਲਾਵਾਂ ?

ਬੋਟੀਆਂ ਦਾ ਇਹ ਟੁੱਕਰ ਖਾਵਣ,
ਪਾਣੀ-ਰੱਤ ਪਿਆਵਾਂ ।

ਜਦ ਪੀੜਾਂ ਬੀਮਾਰ ਹੋ ਜਾਵਣ,
ਨੀ ਮੈਂ ਹੰਝੂ-ਦਵਾ ਪਿਲਾਵਾਂ ।

ਰੁਸ ਜਾਵਣ, ਨਾ ਮੰਨਣਾ ਛੇਤੀ,
ਨੀ ਮੈਂ ਗਾ ਗਾ ਗੀਤ ਸੁਨਾਵਾ ।

ਪੀੜਾਂ ਹੁਣ ਜਵਾਨ ਹੋ ਗਈਆਂ,
ਨੀ ਮੈਂ ਗੱਲਾਂ ਤੋਂ ਕਿੰਜ ਬਚਾਵਾਂ ?

ਚੰਚਲ ਜਹੀਆਂ ਨਾਜ਼ਕ ਜਹੀਆਂ,
ਨੀ ਮੈਂ ਕੀਹਦੇ ਸੰਗ ਪਰਨਾਵਾਂ ?

ਡਾਇਨਾਂ ਜਹੀਆਂ ਕੋਮਲ ਕੋਮਲ,
ਪੂਰਨ ਜਿਹਾ ਵਰ ਚਾਹਵਾਂ ।
ਦੁੱਖਾਂ ਦੇ ਮੈਂ ਦਾਜ ਬਨਾਏ,
ਗ਼ਮਾਂ ਦੇ ਚੂੜੇ ਪਾਵਾਂ ।

ਯਾਦਾਂ ਦੀ ਫੁਲਕਾਰੀ ਦੇ ਕੇ,
ਨੀ ਮੈਂ ਸੋਗ ਦੀ ਮਹਿੰਦੀ ਲਾਵਾਂ ।
ਪਰ ਹੁਣ ਕਿਹੜਾ ਦਸੇ ਮੈਨੂੰ ਲੋਕੋ ?
ਪੂਰਨ ਦਾ ਸਿਰਨਾਵਾਂ ?

੧੨੦ ਫੈਕਟਰੀ ਏਰੀਆ
ਗੋਇੰਦਵਾਲ ਸਾਹਿਬ— ੧੪੩੪੨੩

## ਏਹ ਗੱਲ ਹੈ

—ਕੋਮਲ ਸਿੰਘ 'ਕੌਮੀ'

ਸੜਕਾਂ ਉਪਰ ਛੱਪੜ ਨੇ ਲੱਗੇ,
ਹੈ ਗੰਦਗੀ ਹੋ ਗਈ ਕਹਿਰਾਂ ਦੀ,
ਏਹ ਗੱਲ ਹੈ ਸਾਰੇ ਦੇਸ਼ ਦੀ
ਨਾ ਪਿੰਡਾਂ ਦੀ ਨਾ ਸ਼ਹਿਰਾਂ ਦੀ......

ਸੜਕਾਂ ਦੀ ਹਾਲਤ ਜੇ ਵੇਖੋ
ਜਿਵੇਂ ਡੂੰਘੇ ਖੂਹ ਕਿਸੇ ਪੁਟੇ ਨੇ
ਉਲਟੇ ਹੋਏ ਵਾਹਨ ਪਏ
ਜਿਵੇਂ ਥਾਂ ਧੱਕੇ ਨਾਲ ਕਿਸੇ ਸੁੱਟੇ ਨੇ
ਚਿੱਕੜ ਦਾ ਹੈ ਸਾਗਰ ਬਣਿਆ
ਤੌਬਾ ਉਸਦੀਆਂ ਲਹਿਰਾਂ ਦੀ,
ਏਹ ਗੱਲ ਹੈ ਸਾਰੇ ਦੇਸ਼ ਦੀ......

ਇਥੇ ਧੂੰਆਂ ਨਿਕਲੇ ਜ਼ਹਿਰੀ ਜੋ
ਉਹ ਲੋਕਾਂ ਉਪਰ ਪੈਂਦਾ ਏ
ਉਥੇ ਜ਼ਿੰਦਗੀ ਨਰਕ ਹੋ ਜਾਵੇਗੀ
ਜਿਸ ਥਾਂ ਪ੍ਰਦੂਸ਼ਨ ਰਹਿੰਦਾ ਏ
ਸਾਡਾ ਸਾਹ ਲੈਣਾ ਹੋਊ ਔਖਾ,
ਸਾਨੂੰ ਮਿਲਦੀ ਹਵਾ ਹੈ ਜ਼ਹਿਰਾਂ ਦੀ,
ਏਹ ਗੱਲ ਹੈ ਸਾਰੇ ਦੇਸ਼ ਦੀ......

ਜੋ ਨਿਰਮਲ ਪਾਣੀ ਵਗਦੇ ਸੀ
ਹੁਣ ਪੀਣ ਦੇ ਕਾਬਲ ਰਹਿਣੇ ਨਾ
ਹੋ ਗਏ ਜੇ ਪਾਣੀ ਸਭ ਗੰਧਲੇ
ਫਿਰ ਸੁੱਚੇ ਝਰਨੇ ਵਹਿਣੇ ਨਾ
ਸਾਡੀ ਆਪਣੀ ਧਰਤੀ ਹੁੰਦਿਆਂ ਵੀ
ਅਸੀਂ ਸ਼ਰਨ ਲਈ ਹੈ ਗੈਰਾਂ ਦੀ
ਏਸ ਗੱਲ ਹੈ ਸਾਰੇ ਦੇਸ਼ ਦੀ......

ਥਾਂ-ਥਾਂ ਖਿਲਰੀ ਗੰਦਗੀ ਏ
ਸਾਡਾ ਜੀਣਾ ਮੁਸ਼ਕਿਲ ਹੋਵੇਗਾ
ਜਦੋਂ ਵੇਲਾ ਹੱਥੋਂ ਨਿਕਲ ਗਿਆ
ਫਿਰ ਕੱਲਾ-ਕੱਲਾ ਰੋਵੇਗਾ
'ਕੋਮਲ' ਸਾਫ਼ ਰਖੋ ਏਹ ਧਰਤੀ
ਜੀਹਨੂੰ ਛੋਹ ਹੈ ਰੱਬ ਦੇ ਪੈਰਾਂ ਦੀ
ਏਹ ਗੱਲ ਹੈ ਸਾਰੇ ਦੇਸ਼ ਦੀ
ਨਾ ਪਿੰਡਾਂ ਦੀ ਨਾ ਸ਼ਹਿਰਾਂ ਦੀ!



Sri Satguru Jagjit Singh Ji eLibrary NamdhariElibrary@gmail.com

# ਪੱਛਮੀ ਪੰਜਾਬ ਵਿਚ ਕੁਝ ਦਿਨ

**—ਸੁਵਰਨ ਸਿੰਘ ਵਿਰਕ**

**( ਕਿਸ਼ਤ ੨ )**

ਰਾਵੀ ਟੱਪਦਿਆਂ ਹੀ ਸ਼ਾਹਦਰਾ ਆ ਜਾਂਦਾ ਹੈ। ਇਥੇ ਮੁਗਲ ਕਾਲੀਨ ਬਾਗ ਅਤੇ ਸ਼ਾਹੀ ਮਕਬਰੇ ਵਿਸ਼ੇਸ਼ ਖਿੱਚ ਦਾ ਕੇਂਦਰ ਹਨ। ਰਾਵੀ ਦੇ ਇਸ ਕੰਢੇ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਸਾਡੇ ਪਿਛਲੇ ਜ਼ਿਲੇ ਸ਼ੇਖੂਪੁਰ ਦੀ ਹੱਦ। ਸ਼ਾਇਦ ਦਰਿਆ ਦੀ ਭੂਗੋਲਿਕ ਸੀਮਾ ਦੇ ਮੁਤਾਬਿਕ ਜ਼ਿਲਿਆਂ ਦੀ ਹੱਦਬੰਦੀ ਕੀਤੀ ਗਈ ਸੀ। ਅਸੀਂ ਸਮਝਦੇ ਸਾਂ ਕਿ ਹੁਣ ਆਵਾਜਾਈ ਦੇ ਸਾਧਨ ਵਿਕਸਿਤ ਹੋ ਗਏ ਹਨ, ਸ਼ਾਇਦ ਹੁਣ ਸ਼ਾਹਦਰੇ ਨੂੰ ਜ਼ਿਲਾ ਲਾਹੌਰ ਵਿਚ ਸ਼ਾਮਲ ਕਰ ਲਿਆ ਹੋਵੇ ਪਰ ਪੁੱਛਿਆਂ ਪਤਾ ਲੱਗਾ ਕਿ ਨਹੀਂ ਇਹ ਸ਼ੇਖੂਪੁਰੇ ਜ਼ਿਲੇ ਵਿਚ ਹੀ ਹੈ, ਜੋ ਇਥੋਂ ਘੱਟੋ-ਘੱਟ ੩੫-੪੦ ਕਿਲੋਮੀਟਰ ਹੋਵੇਗਾ ਜਦੋਂ ਕਿ ਲਾਹੌਰ ਤਾਂ ਬਿਲਕੁਲ ਇਹਦੇ ਨੱਕ ਉਤੇ ਹੀ ਹੈ। ਅੱਜ ਵਾਲੀ ਗੱਡੀ ਨੇ ਕਿਉਂਕਿ ਪੰਜਾ ਸਾਹਿਬ ਪੁੱਜਣਾ ਸੀ, ਇਸ ਲਈ ਇਹ ਸ਼ੇਖੂਪੁਰੇ ਵਾਲੀ ਲਾਈਨ 'ਤੇ ਜਾਣ ਦੀ ਬਜਾਇ ਗੁਜਰਾਂਵਾਲਾ ਵਾਲੀ ਲਾਈਨ 'ਤੇ ਜਾ ਰਹੀ ਸੀ।

ਉਂਞ ਲਾਹੌਰ ਤੋਂ ਲੈ ਕੇ ਦਿਨ ਛਿਪਣ ਤੱਕ ਤਕਰੀਬਨ ਦੋ ਢਾਈ ਘੰਟੇ ਦੇ ਸਫਰ ਵਿਚ ਅਸੀਂ ਪੰਜਾਬ ਦੀ ਯਾਤਰਾ ਸੰਪੂਰਨ ਕਰਨ ਦੇ ਅਨੁਭਵ ਵਿਚੋਂ ਗੁਜ਼ਰ ਰਹੇ ਸਾਂ। ਉਹ ਪੰਜਾਬ ਜਿਹੜਾ ਪੰਜਾਂ ਦਰਿਆਵਾਂ ਦਾ ਪੰਜਾਬ ਸੀ। ਦੋਹਾਂ ਦਰਿਆਵਾਂ ਬਿਆਸਾ ਅਤੇ ਸਤਿਲੁਜ ਦੇ ਸਾਂਝੇ ਦਰਸ਼ਨ ਤਾਂ ਕਰੀਵਾਲੇ ਤੋਂ ਅੰਮ੍ਰਿਤਸਰ ਨੂੰ ਆਉਂਦਿਆਂ ਹਰੀਕੇ ਦੇ ਸਥਾਨ 'ਤੇ ਕਰ ਲਏ ਸਨ। ਰਹਿੰਦੇ ਤਿੰਨਾਂ ਦਰਿਆਵਾਂ, ਰਾਵੀ, ਝਨਾ ਅਤੇ ਜਿਹਲਮ ਨੂੰ ਅਸੀਂ ਅੱਜ ਚਹੁੰ ਕੁ ਘੰਟਿਆਂ ਦੇ ਸਫਰ ਵਿਚ ਪਾਰ ਕਰ ਲਿਆ ਸੀ। ਪੰਜਾਬ ਦੀ ਵਿਸ਼ਾਲਤਾ, ਮਹਾਨਤਾ ਅਤੇ ਭਰਪੂਰਤਾ ਦਾ ਇਕ ਅਹਿਸਾਸ ਵੀ ਹੋ ਰਿਹਾ ਸੀ ਅਤੇ ਰੂਹ ਇਹਨਾਂ ਪੰਜਾਂ ਪਾਣੀਆਂ ਦੇ ਮੱਥੇ ਲੱਗ ਕੇ ਇਕ ਰੱਜ ਜਿਹਾ ਵੀ ਮਹਿਸੂਸ ਕਰ ਰਹੀ ਸੀ। ਕਿਉਂਕਿ ਆਪਣੇ ਪੁਰਖਿਆਂ ਦੁਆਰਾ ਜੋ ਮਨੋਭਾਵ, ਸੰਸਕਾਰਾਂ, ਕਾਰਾਂ-ਵਿਹਾਰਾਂ ਅਤੇ ਆਚਰਣ ਦੇ ਰੂਪ ਵਿਚ ਸਾਡੇ ਤਕ ਪੁੱਜਦੇ ਹਨ, ਜੋ ਸੋਚਾਂ ਦਾ ਢੰਗ ਅਸੀਂ ਗ੍ਰਹਿਣ ਕਰਦੇ ਹਾਂ ਉਹਦੇ ਵਿਚ ਕਿਤੇ ਨਾ ਕਿਤੇ ਆਪਣੀ ਮਿੱਟੀ ਦੀ ਮਹਿਕ ਵੀ ਲੁੱਕੀ ਹੁੰਦੀ ਹੈ? ਆਪਣੇ ਪਾਣੀਆਂ ਦਾ ਸਰੂਰ ਵੀ ਸ਼ਾਮਲ ਹੁੰਦਾ ਹੈ। ਆਪਣੇ ਜੂਹਾਂ-ਬੇਲਿਆਂ, ਰੱਕੜਾਂ-ਰੋਹੀਆਂ, ਪਹੀਆਂ-ਪਗਡੰਡੀਆਂ, ਰੁੱਖਾਂ-ਝਾੜੀਆਂ, ਫਸਲਾਂ-ਫੁਲਵਾੜੀਆਂ, ਭੂ ਦ੍ਰਿਸ਼-ਅੰਬਰੀ ਨਜ਼ਾਰਿਆਂ, ਪਸ਼ੂ-ਪੰਛੀਆਂ, ਰਾਤਾਂ-ਰੁੱਤਾਂ, ਸ਼ਹਿਰਾਂ, ਗਿਰਾਵਾਂ ਅਤੇ ਇਸ ਚੌਗਿਰਦੇ ਵਿਚ ਵੱਸਣ ਰੱਸਣ ਵਾਲੇ ਮਿਲ ਕੇ ਹੀ ਇਕ ਪੂਰਾ ਸੋਚ ਪ੍ਰਬੰਧ ਸਿਰਜਦੇ ਹਨ; ਜਿਸ ਦੀ ਸਾਂਝ ਹੀ ਕਿਸੇ ਨਾਲ ਸਾਡੀ ਨੇੜਤਾ ਅਤੇ ਆਪਣੇ-ਪਣ ਦੇ ਅਹਿਸਾਸ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਇਕ ਇਹੋ ਜਿਹਾ ਅਹਿਸਾਸ ਹੀ ਪੂਰਬੀ ਅਤੇ ਪੱਛਮੀ ਪੰਜਾਬ ਦੇ ਲੋਕਾਂ ਨੂੰ ਇਕ ਦੂਜੇ ਨਾਲ ਬੰਨ੍ਹਦਾ ਹੈ। ਸਹਾਰਾ ਲਵਾਂਗਾ ਉੱਘੇ ਗ਼ਜ਼ਲਗੋ ਜਗਤਾਰ ਦਾ ਆਪਣੇ ਕਥਨ ਦੀ ਪੁਸ਼ਟੀ ਵਾਸਤੇ;

"ਤੰਦ ਸਨ ਅਹਿਸਾਸ ਦੇ ਜਿਸ ਨਾਲ ਸਾਂ ਦੋਵੇਂ ਜੁੜੇ,
ਤੂੰ ਜੋ ਮਨ ਵਿਚ ਸੋਚਿਆ ਆਪਣਾ ਤਾਂ ਉਹ ਰਿਸ਼ਤਾ ਨਾ ਸੀ।"

## ਏਮਨਾਬਾਦ

ਅਸੀਂ ਰੇਲ ਦੇ ਡੱਬੇ ਵਿਚ ਸਫਰ ਕਰ ਰਹੇ ਮੁਸਾਫਿਰ ਇਸ ਤਰ੍ਹਾਂ ਦਾ ਹੀ ਰਿਸ਼ਤਾ ਅਨੁਭਵ ਕਰ ਰਹੇ ਸਾਂ ਉਹਨਾਂ ਬੇਓੜਕ ਅੱਖਾਂ ਅਤੇ ਹਿੱਲਦੇ ਹੱਥਾਂ ਨਾਲ, ਜੋ ਸਾਡੀ ਗੱਡੀ ਨੂੰ ਵੇਖਣ ਵਾਸਤੇ ਹਰ ਛੋਟੇ ਵੱਡੇ ਸਟੇਸ਼ਨ 'ਤੇ ਅਤੇ ਰੇਲਵੇ ਲਾਈਨ ਦੇ ਦੋਹੀਂ ਪਾਸੀਂ ਵੱਸੋਂ ਵਾਲੇ ਇਲਾਕਿਆਂ ਵਿਚ ਖਲੋਤੇ ਹੁੰਦੇ ਸਨ। ਚਾਰ-ਚਾਰ ਪੰਜ-ਪੰਜ ਸਾਲਾਂ ਦੇ ਬਾਲਾਂ ਤੋਂ ਲੈ ਕੇ, ਉਮਰ ਦੇ ਸੈਂਕੜੇ ਤੱਕ ਪੁੱਜਣ ਵਾਲੇ ਬਜ਼ੁਰਗ ਵੀ ਇਸੇ ਗਰਮ ਜੋਸ਼ੀ ਨਾਲ ਸਾਨੂੰ ਨਿਹਾਰ ਰਹੇ ਸਨ ਜਿਵੇਂ ਕੋਈ ਉਹਨਾਂ ਦੇ ਵਿਚੋਂ ਉਹਨਾਂ ਦੇ ਬਹੁਤ ਆਪਣੇ ਚਿਰ ਵਿਛੁਨੇ ਸੱਜਣ ਕੋਲੋਂ ਲੰਘ ਰਹੇ ਹੋਣ। ਅੱਧੀ ਸਦੀ ਪਹਿਲੋਂ ਵਾਪਰੇ ਵੰਡ ਦੇ ਦੁਖਾਂਤ ਉਤੇ ਮਿਹਰਬਾਨ ਨਜ਼ਰਾਂ ਦੋਸਤੀ ਦੇ ਨਵੇਂ ਫੁੱਲ ਖਿੜਾ ਰਹੀਆਂ ਸਨ।

ਜਿਹਨਾਂ ਸਟੇਸ਼ਨਾਂ ਨੂੰ ਸਾਡੀ ਗੱਡੀ ਪਿੱਛੇ ਛੱਡ ਰਹੀ ਸੀ ਉਹ ਇਸ ਵਿਰਕ ਤੱਪੇ ਦੇ ਇਲਾਕੇ ਦੇ ਉੱਘੇ ਪਿੰਡ ਸਨ – ਮੁਰੀਦ ਕੇ, ਸਾਧੋ ਕੇ, ਕਾਮੋਕੇ ਆਦਿ। ਰਾਣੀਆਂ ਨਿਵਾਸੀ ਪ੍ਰਗਟ ਸਿੰਘ ਵਿਰਕ ਇਸੇ ਕਾਮੋਕੇ ਮੰਡੀ ਤੋਂ ਹੀ ਗਿਆ ਹੋਇਆ ਸੀ। ਅਟਾਰੀ ਬਾਰਡਰ ਟੱਪਦਿਆਂ ਹੀ ਉਸ ਆਪਣੇ ਪੁਰਾਣੇ ਪਿੰਡ ਨੂੰ ਵੇਖਣ ਦੀ ਇੱਛਾ ਮੇਰੇ ਨਾਲ ਸਾਂਝੀ ਕੀਤੀ ਸੀ ਅਤੇ ਹੁਣ ਜਦੋਂ ਰੇਲ ਉਸਦੀ ਭੀੜ ਭਰੀ ਮੰਡੀ ਵਿਚੋਂ ਲੰਘ ਰਹੀ ਸੀ ਤਾਂ ਉਹ ਕਦੇ ਸੱਜੀ ਖਿੜਕੀ ਵਿਚੋਂ ਅਤੇ ਕਦੀ ਖੱਬੀ ਬਾਰੀ ਵਿਚੋਂ ਆਪਣੀਆਂ ਓਦਰੀਆਂ ਨਜ਼ਰਾਂ ਬਾਹਰਲਿਆਂ ਨਾਲ ਸਾਂਝੀਆਂ ਕਰ ਰਿਹਾ ਸੀ। ਗੁਜਰਾਂਵਾਲੇ



Sri Satguru Jagjit Singh Ji eLibrary NamdhariElibrary@gmail.com

ਤਕ ਲਾਹੌਰ ਤੋਂ ਧੁਰ ਉੱਤਰ ਨੂੰ ਜਾਣ ਵਾਲੀ ਇਸ ਰੇਲਵੇ ਲਾਈਨ ਦੇ ਨਾਲ ਨਾਲ ਵਿਰਕਾਂ ਦੇ ਚੋਖੇ ਪਿੰਡ ਆਬਾਦ ਸਨ।

ਪਹਿਲੀ ਪਾਤਸ਼ਾਹੀ ਦੀ ਚਰਨ ਛੂਹ ਪ੍ਰਾਪਤ ਇਤਿਹਾਸਕ ਨਗਰੀ ਏਮਨਾਬਾਦ ਵਿਚੋਂ ਲੰਘ ਰਹੇ ਸਾਂ। ਇਥੇ ਹੀ ਤਾਂ ਗੁਰੂ ਪਾਤਸ਼ਾਹ ਦਾ ਅਨਿੰਨ ਸਿੱਖ ਭਾਈ ਲਾਲੋ ਤਰਖਾਣ ਰਹਿੰਦਾ ਸੀ ਜਿਸ ਦੀ ਮਾਰਫ਼ਤ ਹਜ਼ੂਰ ਨੇ ਧਨੀਆਂ ਦੀ ਲੁੱਟ-ਖਸੁੱਟ ਉਤੇ ਕਿਰਤ ਸ਼ਕਤੀ ਦੀ ਵਿਜੈ ਪਤਾਕਾ ਠਹਿਰਾਈ ਸੀ। ਬਾਬਰ ਨੇ ਵੀ ਭਾਰਤ 'ਤੇ ਚੜ੍ਹਾਈ ਸਮੇਂ ਇਥੇ ਵੱਡਾ ਹੱਲਾ ਬੋਲ ਕੇ ਕਤਲਾਮ ਕੀਤਾ ਸੀ ਅਤੇ ਬਾਬਰ ਬਾਣੀ ਦਾ ਪ੍ਰਸਿੱਧ ਸ਼ਬਦ ਆਦਿ ਗੁਰੂ ਜੀ ਨੇ ਇਥੇ ਹੀ ਉਚਾਰਣ ਕੀਤਾ ਸੀ। ਗੁਰੂ ਜੀ ਨੇ ਆਪਣੀ ਦੂਰ ਦਰਸਤਾ ਰਾਹੀਂ ਅਤੇ ਹਮਲੇ ਨੂੰ ਅਨੁਭਵ ਕਰਕੇ ਬਹੁਤ ਸਾਰੇ ਸਿੱਖ ਸਖਿਆਂ ਨੂੰ ਸੁਰੱਖਿਅਤ ਥਾਵਾਂ 'ਤੇ ਤੁਰ ਜਾਣ ਦੀ ਹਦਾਇਤ ਵੀ ਇਥੇ ਹੀ ਕੀਤੀ ਸੀ। ਇਸ ਮੰਡੀ ਵਿਚ ਝੋਨਾ ਛੜਨ ਲਈ ਸ਼ੈਲਰ ਕਾਫ਼ੀ ਗਿਣਤੀ ਵਿਚ ਲੱਗੇ ਸਨ! ਝੋਨੇ ਦੇ, ਬਾਸਮਤੀ ਦੇ ਅੰਬਾਰ ਲੱਗੇ ਹੋਏ ਸਨ। ਦੂਰ ਦੂਰ ਤੱਕ ਖੇਤਾਂ ਵਿਚ ਕਿਤੇ ਕਿਤੇ ਝੋਨਾ ਬਾਸਮਤੀ ਨਜ਼ਰੀਂ ਵੀ ਆ ਰਹੇ ਸਨ ਅਤੇ ਕਿਤੇ ਕਿਤੇ ਪੈਲੀਆਂ ਵਾਹੀਆਂ ਵੀ ਜਾ ਰਹੀਆਂ ਸਨ। ਝੋਟੇ ਅਤੇ ਬੈਲਾਂ ਦੇ ਹਲ ਵੀ ਆਮ ਚੱਲਦੇ ਵੇਖੇ ਜਾ ਰਹੇ ਸਨ।

### ਗੁਜਰਾਂਵਾਲਾ

ਹੁਣ ਅਸੀਂ ਗੁਜਰਾਂਵਾਲੇ ਦੇ ਵਿਸ਼ਾਲ ਸ਼ਹਿਰ ਵਿਚੋਂ ਲੰਘ ਰਹੇ ਸਾਂ। ਸਾਡੇ ਪਿੰਡ ਦਾ ਜ਼ਿਲਾ ਸ਼ੇਖੂਪੁਰਾ ਤਾਂ ੧੯੧੨ ਈ. ਵਿਚ ਬਣਿਆ ਸੀ। ਇਸ ਤੋਂ ਪਹਿਲਾਂ ਸਾਡਾ ਜ਼ਿਲਾ ਗੁਜਰਾਂਵਾਲਾ ਹੀ ਹੁੰਦਾ ਸੀ। ਆਪਣੇ ਪੁਰਾਣੇ ਜ਼ਿਲੇ ਦਾ ਸਦਰ ਮੁਕਾਮ ਅੱਖਾਂ ਅੱਗੋਂ ਲੰਘ ਰਿਹਾ ਸੀ ਅਤੇ ਇਕ ਸਾਂਝ ਜਹੀ ਇਸ ਇਤਿਹਾਸਕ ਸ਼ਹਿਰ ਨਾਲ ਅਨੁਭਵ ਹੋ ਰਹੀ ਸੀ। ਗੁਜਰਾਂਵਾਲਾ ਜਿਥੇ ਕਦੀ ਮਹਾਂਬਲੀ ਰਣਜੀਤ ਸਿੰਘ ਪੈਦਾ ਹੋਇਆ ਸੀ। ਜਿਸ ਨੇ ਆਪਣੇ ਜ਼ੋਰ ਨਾਲ ਮੁਲਕ ਨਿਵਾਇਆ ਸੀ ਅਤੇ ਪੰਜਾਹ ਬਰਸ ਰੱਜ ਕੇ ਅੱਛਾ ਰਾਜ ਕਮਾਇਆ ਸੀ। ਮਹਾਨ ਸਿੱਖ ਜਰਨੈਲ ਹਰੀ ਸਿੰਘ ਨਲੂਆ ਦੀ ਵੀ ਜਨਮ ਭੂਮੀ ਇਹੋ ਗੁਜਰਾਂਵਾਲਾ ਸੀ। ਇਸੇ ਗੁਜਰਾਂਵਾਲੇ ਦੇ ਲਾਗੇ ਸੈਦ ਨਗਰ ਸੀ ਜਿਸ ਦਾ ਆਧੁਨਿਕ ਨਾਂ ਰਾਮ ਨਗਰ ਹੋ ਗਿਆ ਸੀ। ਚੱਠਿਆਂ ਦੀ ਵਾਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਦੇ ਲਸ਼ਕਰ ਦੀ ਚੜ੍ਹਤ ਦੇ ਵਰਦਾਨ ਵਿਚ ਸੈਦ ਨਗਰ ਦਾ ਜ਼ਿਕਰ ਕਾਨੀਬੰਦ ਹੈ:

"ਲਸ਼ਕਰ ਮਹਾਂ ਸਿੰਘ ਦਾ ਦਰਿਆਈ ਕਾਂਗਾਂ।
ਸੈਦ ਨਗਰ ਨੂੰ ਵੱਗਿਆ ਘੱਤ ਕੂਕਾਂ ਚਾਂਗਾ।"

ਦਰਿਆਵਾਂ ਦੇ ਕੰਢੇ ਰਹਿਣ ਵਾਲੇ ਸ਼ਾਇਰਾਂ ਦੀ ਕਵਿਤਾ ਵਿਚ ਦਰਿਆ ਨੂੰ ਤਸ਼ਬੀਹ ਲਈ ਕਿਉਂ ਨਾ ਵਰਤਿਆ ਜਾਏ। ਤੇ ਇਹੋ ਰਾਮ ਨਗਰ, ਹਿੰਦੁਸਤਾਨ ਦੀ ਕਮਿਊਨਿਸਟ ਲਹਿਰ ਦੇ ਪੰਜਾਬ ਵਿਚਲੇ ਇਕ ਉਘੇ ਆਗੂ ਕਾਮਰੇਡ ਸਤਪਾਲ ਡਾਂਗ ਦੀ ਜਨਮ ਭੂਮੀ ਵੀ ਹੈ। ਇਸੇ ਗੁਜਰਾਂਵਾਲੇ ਵਿਚ ਸਿੰਘ ਸਭਾ ਲਹਿਰ ਸਮੇਂ ਇਕ ਯਤੀਮਖਾਨਾ ਖੋਹਲਿਆ ਗਿਆ ਸੀ ਜਿਸ ਵਿਚ ਸਿੱਖ ਬੱਚਿਆਂ ਦੀ ਪ੍ਰਵਿਰਸ਼ ਦੇ ਨਾਲ ਨਾਲ ਉਹਨਾਂ ਨੂੰ ਬਾਣੀ, ਇਤਿਹਾਸ, ਰਾਗ ਕਥਾ ਆਦਿ ਦੀ ਸਿਖਿਆ ਵੀ ਦਿਤੀ ਜਾਂਦੀ ਸੀ। ਮੇਰਾ ਇਕ ਪੁਰਖਾ ਜੋ ਨਨਕਾਣਾ ਸਾਹਿਬ ਦੇ ਸਾਕੇ ਦਾ ਨਾਇਕ ਹੋ ਨਿਬੜਿਆ ਸੀ, ਜਥੇਦਾਰ ਕਰਤਾਰ ਸਿੰਘ ਝੱਬਰ, ਗੁਜਰਾਂਵਾਲੇ ਸਥਿਤ ਇਸੇ ਯਤੀਮਖਾਨੇ ਵਿਚੋਂ (ਬਾਵਜੂਦ ਇਸਦੇ ਕਿ ਉਹ ਯਤੀਮ ਨਹੀਂ ਸੀ) ਇਕ ਉੱਘਾ ਸਿੱਖ ਪ੍ਰਚਾਰਕ ਬਣਕੇ ਨਿਕਲਿਆ ਸੀ। ਸਾਡੇ ਨਾਮਧਾਰੀ ਇਤਿਹਾਸ ਦੀਆਂ ਵੀ ਚੋਖੀਆਂ ਪੱਕੀਆਂ ਪੀਡੀਆਂ ਤੰਦਾਂ ਇਸ ਗੁਜਰਾਂਵਾਲੇ ਸ਼ਹਿਰ ਤੇ ਇਸ ਦੇ ਆਲੇ-ਦੁਆਲੇ ਦੇ ਨਾਲ ਹਨ। ਸ੍ਰ. ਹਰੀ ਸਿੰਘ ਨਲਵੇ ਦਾ ਜੁਆਈ ਸ. ਲਹਿਣਾ ਸਿੰਘ ਘਰਜਾਖੀਆ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਵਿਚੋਂ ਮਿਲੇ ਢਾਈ ਸਿੱਖਾਂ ਵਿਚੋਂ ਇਕ ਪੂਰਾ ਸਿੱਖ ਸੀ, ਭਾਵੇਂ 'ਸਤਿਜੁੱਗ' ਦੇ ਸੰਤ ਅੰਕ ੧੯੬੬ ਬਿਕ੍ਰਮੀ ਵਿਚ ਪ੍ਰਕਾਸ਼ਿਤ ਫੋਟੋ ਵਿਚ ਇਹ ਬਾਬਾ ਜੀ, ਕੁਪੀਨਧਾਰੀ ਹੀ ਵਿਖਾਏ ਗਏ ਹਨ। ਗੁਜਰਾਂਵਾਲੇ ਦੇ ਲਾਗੇ ਹੀ ਹੈ ਚੱਕ ਰਮਦਾਸ, ਜਿਥੋਂ ਦਾ ਸੂਬਾ ਗੁਰਚਰਨ ਸਿੰਘ ਵਿਰਕ ਹਿੰਦ-ਰੂਸ ਮਿੱਤਰਤਾ ਦੀਆਂ ਪਹਿਲੀਆਂ ਪਗਡੰਡੀਆਂ ਪੈਰੀਂ ਤੁਰ ਤੁਰ ਕੇ ਪਾਉਂਦਾ ਹੈ। ਉਸ ਦੇ ਗੁਆਂਢ ਪਿੰਡ ਹਿੰਦੂ ਚੱਕ ਵਿਚ ਭਾਵੇਂ ਦਿਆਲ ਸਿੰਘ ਕੂਕੇ ਦੇ ਵੱਡਿਕੇ ਅਤਰ ਸਿੰਘ, ਸੰਤ ਸਿੰਘ ਵੀ ਪ੍ਰਸਿੱਧ ਕੂਕੇ ਸੰਗਰਾਮੀਏ ਸਨ ਪਰ ਸਭ ਤੋਂ ਵੱਧ ਪ੍ਰਸਿੱਧੀ ਹਿੰਦੂ ਚੱਕ ਨੂੰ ਦੇ ਗਿਆ ਦਿਆਲ ਸਿੰਘ ਦਾ ਪੁੱਤਰ ਸੰਤ ਤਰਨ ਸਿੰਘ 'ਵਹਿਮੀ' ਕਵੀ ਤੇ ਲਿਖਾਰੀ, ਜੋ ਆਪਣੇ 'ਜੱਸ ਜੀਵਨ' ਨਾਂ ਦੇ ਗ੍ਰੰਥ ਸਦਕਾ, ਜੋ ਹੁਣ ਤਕ ਨਾਮਧਾਰੀ ਇਤਿਹਾਸ ਦਾ ਸੰਦਰਭ ਗ੍ਰੰਥ ਬਣ ਚੁੱਕਾ ਹੈ, ਵਿਸ਼ਵ ਵਿਖਿਆਤ ਹੋ ਗਿਆ



Sri Satguru Jagjit Singh Ji eLibrary NamdhariElibrary@gmail.com

ਹੈ। ਇਸੇ ਹੀ ਜ਼ਿਲੇ ਦੇ ਪਿੰਡ ਰਾਜਾ ਜਿਥੋਂ ਦੇ ਸ. ਸੋਹਣ ਸਿੰਘ ਨਾਮਧਾਰੀ ਦੇ ਪੁੱਤਰ ਕਾਮਰੇਡ ਰਾਜ ਸਿੰਘ ਦੀ ਸਾਡੇ ਇਲਾਕੇ ਜੀਵਨ ਨਗਰ ਵਿਚ ਕਮਿਊਨਿਸਟ ਅੰਦੋਲਨ ਦੇ ਪ੍ਰਚਾਰ ਪ੍ਰਸਾਰ ਵਿਚ ਵੱਡੀ ਭੂਮਿਕਾ ਰਹੀ ਹੈ। ਗੁਜਰਾਂਵਾਲੇ ਸ਼ਹਿਰ ਵਿਚ ਹੀ 'ਬਾਬੇ ਦੀ ਝੁੱਗੀ' ਜੋ ਉਥੇ ਨਾਮਧਾਰੀ ਪ੍ਰਚਾਰਕ, ਇਤਿਹਾਸਕਾਰ, ਪਤਰਕਾਰ, ਕਵੀ ਅਤੇ ਦੇਸ਼ ਭਗਤ ਕਾਂਗਰਸੀ ਆਗੂ ਸੰਤ ਨਿਧਾਨ ਸਿੰਘ ਆਲਿਮ ਦਾ ਹੈਡ-ਕੁਆਰਟਰ ਹੁੰਦੀ ਸੀ। ਗੁਜਰਾਂਵਾਲਾ ਜਿਸ ਨੂੰ ਯੂ.ਪੀ. ਤੋਂ ਆਇਆ, ਸਾਡਾ ਸਰਕਾਰੀ ਹਾਇਰ ਸੈਕੰਡਰੀ ਸਕੂਲ ਸਿਰਸੇ ਵਿਚਲਾ ਇਤਿਹਾਸ ਦਾ ਅਧਿਆਪਕ ਹਮੇਸ਼ਾ ਗੁਜਰਾਨ ਵਾਲਾ ਹੀ ਬੋਲਦਾ ਸੀ, ਉਹ ਸ਼ਾਇਦ ਅੰਗਰੇਜ਼ੀ ਪੁਸਤਕਾਂ ਤੋਂ ਪੜ੍ਹਕੇ ਆਉਂਦਾ ਸੀ। ਇਸ ਤਰ੍ਹਾਂ ਦੀਆਂ ਯਾਦਾਂ ਵਾਲੇ ਸ਼ਹਿਰ ਦੇ ਵਿਚੋਂ ਦੀ ਲੰਘਣਾ, ਪੁਰਖਿਆਂ ਤੋਂ ਸੁਣੀਆਂ ਯਾਦਾਂ ਨੂੰ ਮੁੜ ਤਾਜ਼ਿਆਂ ਕਰਨ ਦੇ ਬਰਾਬਰ ਸੀ। ਗੁਜਰਾਂਵਾਲੇ ਵਿਚ ਵੰਡ ਤੋਂ ਪਹਿਲਾਂ ਕਿਉਂਕਿ ਕਾਰਖਾਨੇ ਕਾਫੀ ਸਨ ਇਸ ਲਈ ਟਰੇਡ ਯੂਨੀਅਨ ਅੰਦੋਲਨ ਵੀ ਇਥੇ ਕਾਫੀ ਮਜ਼ਬੂਤ ਸੀ।

### ਲਾਲਾ ਮੂਸਾ

ਗੁਜਰਾਂਵਾਲੇ ਤੋਂ ਬਾਅਦ ਲਾਲਾ ਮੂਸਾ ਨਾਮੀ ਇਕ ਪ੍ਰਸਿੱਧ ਜੰਕਸ਼ਨ ਆਇਆ। ਇਸ ਦਾ ਨਾਉਂ ੧੯੬੧ ਈ. ਵਿਚ ਨਾਨਕ ਸਿੰਘ ਹੋਰਾਂ ਦੇ ਗ਼ਦਰ ਪਾਰਟੀ ਲਹਿਰ ਨਾਲ ਸੰਬੰਧਿਤ ਇਤਿਹਾਸਕ ਨਾਵਲ 'ਇਕ ਮਿਆਨ ਦੋ ਤਲਵਾਰਾਂ' ਵਿਚ ਪੜ੍ਹਿਆ ਸੀ। ਪ੍ਰਸੰਗ ਸ਼ਾਇਦ ਇਸ ਤਰ੍ਹਾਂ ਦਾ ਸੀ ਕਿ ਸਰਾਭੇ ਦੀ ਕਲਪਿਤ ਮੰਗੇਤਰ ਬੀਰੀ ਦੁਆਰਾ ਜਦੋਂ ਉਹਨਾਂ ਨੂੰ ਫੜਾਉਣ ਵਾਲੇ ਰਸਾਲਦਾਰ ਗੰਡਾ ਸਿੰਘ ਦਾ ਘੱਗਾ ਦਿਤ ਕੀਤਾ ਜਾਂਦਾ ਹੈ ਤਾਂ ਬੀਬੀ ਦਾ ਪਿਤਾ ਜੋ ਬੇਦੀ ਘਰਾਣੇ ਵਿਚੋਂ ਹੈ ਅਤੇ ਉਹ ਵੀ ਇਨਕਲਾਬੀਆਂ ਨੂੰ ਫੜਾ ਕੇ ਜਾਂ ਉਹਨਾਂ ਦੇ ਭੇਤ ਸਰਕਾਰ ਤੱਕ ਪੁਚਾ ਕੇ ਵੱਡੀਆਂ ਰਿਆਇਤਾਂ ਲੈਣੀਆਂ ਚਾਹੁੰਦਾ ਹੈ। ਹਾਕਰ ਤੋਂ ਅਖਬਾਰ ਦੀ ਖਬਰ ਸੁਣਕੇ ਤੇ ਫਿਰ ਪੜ੍ਹਕੇ ਆਪਣੇ ਮਨਸੂਬਿਆਂ ਤੇ ਪਾਣੀ ਦੇ ਘੜੇ ਪੈ ਗਏ ਸਮਝਦਾ ਹੈ। ਉਸਨੂੰ ਚੱਕਰ ਆਉਂਦੇ ਹਨ ਅਤੇ ਉਹ ਕੁੱਲੀ ਨੂੰ ਏਨਾਂ ਹੀ ਕਹਿੰਦਾ ਹੈ "ਲਾ...ਲੇ ਮੂ...ਸੇ ਵਾਲੀ ਗੱਡੀ"। ਲਾਲਾ ਮੂਸਾ ਜਿਸ ਬਾਰੇ ਪੰਜਾਬੀ ਵਿਚ ਇਕ ਨਾ ਲਿਖਣ ਜੋਗ ਲੋਕੋਕਤੀ ਵੀ ਬਣੀ ਹੈ। ਇਥੇ ਵੀ ਪੁਲੀਸ ਦੀ ਤਕੜੀ ਧਾੜ ਨੇ ਰੁਕੀ ਹੋਈ ਗੱਡੀ ਦੇ ਸਿੱਖ ਯਾਤਰੀਆਂ ਵੱਲ ਅਜੀਬ ਖਿੱਚ ਦੁਆਰਾ ਖਿੱਚੇ ਆ ਰਹੇ ਮੁਸਲਮਾਨ ਦਰਸ਼ਕਾਂ ਦੀ ਇਕ ਵੱਡੀ ਭੀੜ ਨੂੰ ਰੋਕਿਆ ਹੋਇਆ ਸੀ।

### ਪਾਣੀ ਇਸ਼ਕ ਝਨਾ ਦਾ

ਹੁਣ ਅਸੀਂ ਮਹਿਸੂਸ ਕਰ ਰਹੇ ਸਾਂ ਕਿ ਦਰਿਆ ਝਨਾਂ ਕਿਸੇ ਵੀ ਸਮੇਂ ਆ ਸਕਦਾ ਸੀ ਅਤੇ ਜਿਉਂ ਹੀ ਗੱਡੀ ਵਜ਼ੀਰਾਬਾਦ ਪਹੁੰਚੀ ਝਨਾਂ ਦੀ ਉਡੀਕ ਹੋਰ ਤੀਬਰ ਹੋ ਗਈ। ਕਿਉਂਕਿ ਨਾਮਧਾਰੀ ਇਤਿਹਾਸ ਵਿਚ ਪੜ੍ਹਿਆ ਸੀ ਕਿ ਗੁਰੂ ਰਾਮ ਸਿੰਘ ਨੂੰ ਜਦੋਂ ਮਲਾਹ ਨੇ ਬੇੜੀ ਵਿਚ ਨਾ ਚੜ੍ਹਾਇਆ ਤਾਂ ਉਹ ਦਰਿਆ ਵਿਚ ਸਿੱਧੇ ਠਿਲ੍ਹ ਪਏ ਸਨ ਤੇ ਵਜ਼ੀਰਾਬਾਦ ਦੇ ਪੱਤਣ ਤੇ ਜਾ ਲੱਗੇ ਸਨ। ਇਥੇ ਹੀ ਦਰਿਆ ਵਿਚ ਗੁਰੂ ਰਾਮ ਸਿੰਘ ਜੀ ਜਦੋਂ ਤੀਜੀ ਵੇਰ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਲਈ ਹਜ਼ਰੋ ਸਾਹਿਬ ਵੱਲ ਜਾ ਰਹੇ ਸਨ ਤਾਂ ਉਹਨਾਂ ਨੂੰ ਦੂਜੇ ਬੰਨਿਉਂ ਆਉਂਦੀ ਬੇੜੀ ਵਿਚ ਗੁਰੂ ਬਾਲਕ ਸਿੰਘ ਜੀ ਦੇ ਫੁੱਲ ਲਿਆ ਰਹੇ ਭਾਈ ਮੰਨਾ ਸਿੰਘ ਜੀ ਮਿਲੇ ਸਨ ਤੇ ਗੁਰੂ ਰਾਮ ਸਿੰਘ ਇਥੋਂ ਵਾਪਸ ਮੁੜ ਆਏ ਸਨ। ਇਸੇ ਵਜ਼ੀਰਾਬਾਦ ਦੇ ਪੱਤਣ ਤੇ ਹੀ ਗੁਰੂ ਰਾਮ ਸਿੰਘ ਜੀ ਨੂੰ ਆਪਣੀ ਪਹਿਲੀ ਫੇਰੀ ਸਮੇਂ ਚੂਹੜਕਾਣੇ ਦਾ ਅਮਰੀਕ ਸਿੰਘ ਵਿਰਕ ਮਿਲਿਆ ਸੀ, ਜੋ ਮੇਰੇ ਖਿਆਲ ਮੁਤਾਬਿਕ ਵਿਰਕਾਂ ਵਿਚੋਂ ਸਭ ਤੋਂ ਪਹਿਲਾਂ ਬਣਨ ਵਾਲਾ ਕੂਕਾ ਸੀ।

ਵਜ਼ੀਰਾਬਾਦ ਸ਼ਹਿਰ ਦਾ ਦਰਿਆ ਕੰਢੇ ਤੇ ਵੱਸਿਆ ਹੋਣਾ ਤਕਰੀਬਨ ਉਹੋ ਜਿਹਾ ਹੀ ਮਹਿਸੂਸ ਹੋਇਆ, ਜਿਹੋ ਜਿਹਾ ਝਨਾਂ ਲੰਘਣ ਵਾਲੀ ਗੁਰੂ ਰਾਮ ਸਿੰਘ ਜੀ ਦੀ ਕਾਲਪਨਿਕ ਤਸਵੀਰ ਵਿਚ ਵਰਿਆਮ ਸਿੰਘ 'ਮਸੱਵਰ' ਹੋਰਾਂ ਕੋਈ ੬੦-੬੫ ਵਰ੍ਹੇ ਪਹਿਲਾਂ ਚਿਤਰਿਆ ਸੀ।

ਪ੍ਰੰਤੂ ਹੁਣ ਸ਼ਹਿਰ ਤੋਂ ਦਰਿਆ ਥੋਹੜਾ ਲਹਿੰਦੇ ਵੱਲ ਸਰਕਿਆ ਜਾਪਦਾ ਹੈ। ਝਨਾਂ ਦੀ ਗੱਲ ਪੰਜਾਬੀ ਕਵਿਤਾ ਵਿਚ ਕਾਦਰ ਯਾਰ ਪੂਰੀ ਠੁੱਕ ਨਾਲ ਕਰਦਾ ਹੈ :

"ਪਾਣੀ ਇਸ਼ਕ ਝਨਾਂ ਦਾ ਜਾਦੂਗੋਰ ਵਹੇ।
ਸਭ ਆਸ਼ਕ ਇਸਦੇ ਬਾਲਕੇ ਕੰਢੀਂ ਖੇਲ ਰਹੇ।"

ਹੀਰ ਰਾਂਝੇ ਦੀ ਪ੍ਰੀਤ ਕਥਾ ਇਸੇ ਦਰਿਆ ਦੇ ਕੰਢੇ 'ਤੇ ਵਾਪਰੀ। ਜਦੋਂ ਮਲਾਹ ਘਰੋਂ ਨਿਕਲੇ ਰਾਂਝੇ ਨੂੰ ਬੇੜੀ ਵਿਚ ਨਹੀਂ ਚੜ੍ਹਾਉਂਦਾ ਤਾਂ ਉਹ ਦਰਿਆ ਵਿਚ ਠਿਲਣ ਲੱਗਦਾ ਹੈ। ਲੋਕ ਰੋਕਦੇ ਹਨ ਅਤੇ ਝਨਾਂ ਦੀ ਖਤਰਨਾਕ ਡੂੰਘਾਈ ਤੋਂ ਜਾਣੂ ਕਰਵਾਉਂਦੇ ਹਨ :

"ਸਈਂ ਵੰਝੀ ਝਨਾਂ ਦਾ ਅੰਤ ਨਾਹੀਂ
ਡੁੱਬ ਮਰੇਂਗਾ ਠਿੱਲ੍ਹ ਨਾ, ਸੱਜਨਾ ਓ।"



Sri Satguru Jagjit Singh Ji eLibrary NamdhariElibrary@gmail.com

ਜਦੋਂ ਰਾਂਝਾ ਜੋਗੀ ਬਣਕੇ ਹੀਰ ਦੇ ਸਹੁਰਿਆਂ ਦੇ ਪਿੰਡ ਜਾਂਦਾ ਹੈ ਤਾਂ ਉਥੇ ਵੀ ਉਸਦੀ ਪਹਿਚਾਣ ਝਨਾਂ ਦੇ ਇਲਾਕੇ ਵਿਚੋਂ ਆਏ ਠੱਗ ਦੀ ਬਣਦੀ ਹੈ :

"ਡਿੱਠੇ ਠੱਗ ਬਨਾਰਸੋਂ ਆਂਵਦੇ ਈ,
ਪਰ ਇਹ ਜ਼ਾਹਰਾ ਠੱਗ ਝਨਾਉਂ ਦਾ ਹੈ ।"

ਸੋਹਣੀ ਮਹੀਂਵਾਲ ਦਾ ਇਸ਼ਕ ਵੀ ਇਸੇ ਦਰਿਆ ਦੇ ਦੂਜੇ ਕੰਢੇ ਤੇ ਵੱਸੇ ਸ਼ਹਿਰ ਗੁਜਰਾਤ ਵਿਚੋਂ ਸ਼ੁਰੂ ਹੋ ਕੇ ਝਨਾਂ ਦੀਆਂ ਲਹਿਰਾਂ ਵਿਚ ਹੀ ਪ੍ਰਵਾਨ ਚੜ੍ਹਦਾ ਹੈ ਜਿਸ ਬਾਰੇ ਕਵੀ ਹਾਸ਼ਮ ਦਾ ਕਥਨ ਹੈ :

"ਸੋਹਣੀ ਮੂਲ ਨਾ ਤਰਦੀ ਤਰਕੇ,
ਖ਼ੂਬ ਤਰੀ ਡੁੱਬ ਮਰਕੇ ।
ਹੋਈ ਸ਼ਹੀਦ ਸੱਸੀ ਜਦ ਮਰੀ ਆ,
ਖੋਜ ਉਤੇ ਸਿਰ ਧਰਕੇ ।
ਤਾਂ ਮਸ਼ਹੂਰ ਹੋਇਆ ਪਰਵਾਨਾ
ਜਾਇ ਮੂਆ ਹਠ ਕਰਕੇ ।
ਹਾਸ਼ਮ ਕੋਈ ਨਾ ਪਹੁਤਾ ਮੰਜ਼ਲੇ,
ਮਰਨ ਵਲੋਂ ਡਰ ਡਰ ਕੇ ।"

ਇਸੇ ਗੁਜਰਾਤ ਸ਼ਹਿਰ ਵਿਚ ਹੀ, ਪ੍ਰਦੇਸੀ ਵਿਉਪਾਰੀ ਇੱਜ਼ਤ ਬੇਗ, ਸੋਹਣੀ, ਜੋ ਕਿ ਗੁਜਰਾਤ ਨਿਵਾਸੀ ਤੁੱਲੇ ਘੁਮਿਆਰ ਦੀ ਪੁੱਤਰੀ ਸੀ ਦੇ ਪ੍ਰੇਮ ਵਿਚ ਫ਼ਾਹਿਆ ਗਿਆ । ਸਾਧੂ ਸਦਾ ਰਾਮ ਨੇ ਉਸਦੀ ਗਾਥਾ ਇਉਂ ਬਿਆਨੀ ਹੈ :

"ਬਲਖ ਬੁਖਾਰੇ ਚੋਧਰੀ ਅਮੀਰ ਜੀ ।
ਵਿਚ ਗੁਜਰਾਤ ਦੇ ਸਦਾਵੇ ਕੀਰ ਜੀ ।
ਕਿਸੇ ਦਾ ਨਾਂ ਵੱਸ ਹੁਕਮ ਹਜ਼ੂਰੀ ਦਾ,
ਪੀ ਲਿਆ ਪਿਆਲਾ ਸਬਰ ਸਬੂਰੀ ਦਾ ।"

ਗੁਜਰਾਤ ਸ਼ਾਇਰਾਂ ਦਾ ਸ਼ਹਿਰ ਰਿਹਾ ਹੈ ਜਿਸ ਬਾਰੇ ਪ੍ਰਸਿੱਧ ਪਾਕਿਸਤਾਨੀ ਪੰਜਾਬੀ ਕਵੀ ਪੀਰ ਫਜ਼ਲ ਹੁਸੈਨ ਨੇ ਲਿਖਿਆ ਹੈ :

"ਸੁਖਨ ਵਰ ਹਰ ਦੌਰ ਵਿਚ ਕੋਈ ਨਾ ਕੋਈ,
ਰਿਹਾ ਬਖਸ਼ਦਾ ਰੱਬ ਗੁਜਰਾਤੀਆਂ ਨੂੰ ।"

ਵਜੀਰਾਬਾਦ ਤੇ ਗੁਜਰਾਤ ਵਿਚਾਲੇ ਵਹਿੰਦੇ ਝਨਾਂ ਉਤੋਂ ਦੀ ਲੰਘਦਿਆਂ ਫਿਰ ਪ੍ਰੋ. ਮੋਹਨ ਸਿੰਘ ਚੇਤਿਆਂ ਵਿਚ ਉਭਰੇ :

"ਮੈਂ ਆਸ਼ਕ ਤੇ ਕਦਰ ਆਸ਼ਕ ਦੀ
ਆਸ਼ਕ ਹੀ ਕੋਈ ਜਾਣੇ ।
ਗੰਗਾ ਬ੍ਰਾਹਮਣੀ ਕੀ ਜਾਣੇ,
ਮੇਰੇ ਫੁੱਲ ਝਨਾਂ ਵਿਚ ਪਾਣੇ ।"

ਪਤਾ ਨਹੀਂ ਪ੍ਰੋਫੈਸਰ ਸਾਹਿਬ ਦੀ ਇਹ ਹਸਰਤ ਪੂਰੀ ਹੋਈ ਹੈ ਜਾਂ ਨਹੀਂ ।

ਇਥੇ ਹੀ ਝਨਾਂ, ਹੀਰ ਰਾਂਝਾ, ਸੋਹਣੀ ਮਹੀਂਵਾਲ ਦੀ ਚਰਚਾ ਕਰਦਿਆਂ ਹੀ, ਮੇਰੀ ਸੀਟ ਦੇ ਐਨ ਸਾਹਮਣੇ ਬੈਠੇ ਬਜ਼ੁਰਗ ਕਰਤਾਰ ਸਿੰਘ ਦੇਉ ਨੇ ਫਜ਼ਲ ਸ਼ਾਹ ਦੀ ਸੋਹਣੀ ਦਾ ਪਾਠ ਸ਼ੁਰੂ ਕਰ ਦਿਤਾ :

"ਹੋਂਠ ਸੁਰਖ ਯਾਕੂਤ ਜਿਉਂ ਲਾਲ ਚਮਕਣ,
ਲਾਲ ਵੇਖ ਸ਼ਰਮਾਂਵਦੇ ਲਾਲੀਆਂ ਨੂੰ ।
ਵਲਾਂ ਵਾਲੀਆਂ ਉਹਦੀਆਂ ਵਾਲੀਆਂ ਨੇ,
ਲਿਆ ਲੁੱਟ ਜਹਾਨ ਦੇ ਵਾਲੀਆਂ ਨੂੰ ।"

ਇਸੇ ਬਜ਼ੁਰਗ ਦੇ ਨਾਲ ਕਿੱਸਾਕਾਰਾਂ ਦੇ ਸ਼ੇਅਰਾਂ ਦੀ ਸੁਣਨ ਸੁਣਾਉਣ ਦੀ ਇਹ ਸਾਂਝ ਫਿਰ ਦਸ ਦਿਨਾਂ ਦੀ ਦੋਸਤੀ ਵਿਚ ਬਦਲ ਗਈ ਅਤੇ ਇਸ ਸੰਗ ਸਾਥ ਨੂੰ ਖੂਬ ਮਾਣਿਆ । ਇਹ ਬਜ਼ੁਰਗ ਰਹਿੰਦਾ ਤਾਂ ਉੱਤਰ ਪ੍ਰਦੇਸ਼ ਵਿਚ ਹੈ ਪ੍ਰੰਤੂ ਕਦੇ ਕਦੇ ਆਪਣੇ ਵੱਡੇ ਲੜਕੇ ਪਾਸ ਪਠਾਨਕੋਟ ਵੀ ਆ ਜਾਂਦੇ ਹਨ ਜੋ ਅਧਿਆਪਕ ਹੈ ।

ਗੁਜਰਾਤ ਤੋਂ ਅੱਗੇ ਚੱਲਦੇ ਚੱਲਦੇ ਅਸੀਂ ਮੂੰਹ ਹਨੇਰੇ ਹੁੰਦੇ ਨੂੰ ਦਰਿਆ ਜਿਹਲਮ ਉਤੇ ਪੁੱਜ ਜਾਂਦੇ ਹਾਂ । ਤਕਰੀਬਨ ਸਵਾ ਕੁ ਸੱਤ ਵਜੇ ਸ਼ਾਮ ਦਾ ਵਕਤ । ਸ੍ਰੀਨਗਰ ਵਿਚ ਅਠਖੇਲੀਆਂ ਕਰਨ ਵਾਲੇ ਦਰਿਆ ਦਾ ਸ਼ਾਂਤ ਪਾਣੀ ਪੰਜਾਬ ਦੇ ਮੈਦਾਨਾਂ ਵਿਚ ਪਸਰਿਆ ਹੋਇਆ ਸੀ । ਭਾਈ ਕਰਤਾਰ ਸਿੰਘ ਪੁਰਾਤਨ ਇਤਿਹਾਸ ਦੀਆਂ ਪਰਤਾਂ ਫਰੋਲ ਰਿਹਾ ਸੀ ਕਿ ਕਿਸ ਤਰ੍ਹਾਂ ਦਰਿਆ ਜਿਹਲਮ ਦੇ ਕੰਢੇ ਅਬਦਾਲੀ ਦੀਆਂ ਫੌਜਾਂ 'ਤੇ ਹਮਲਾ ਬੋਲ ਕੇ ਸਿੰਘਾਂ ਨੇ ਅਠਾਰ੍ਹਵੀਂ ਸਦੀ ਵਿਚ ਬੰਦੀ ਬਣਾ ਕੇ ਲਿਜਾਈਆਂ ਜਾ ਰਹੀਆਂ ਹਜ਼ਾਰਾਂ ਅਬਲਾਵਾਂ ਦੀ ਬੰਦਖਲਾਸੀ ਕਰਵਾਈ ਸੀ । ਜਿਹਲਮ ਦਰਿਆ ਦੇ ਪਾਰਲੇ ਕੰਢੇ 'ਤੇ ਵਸਿਆ ਹੈ ਸ਼ਹਿਰ ਜਿਹਲਮ ਜੋ ਸ਼ਾਇਦ ਪ੍ਰਸਿੱਧ ਲੇਖਿਕਾ ਕ੍ਰਿਸ਼ਨਾ ਸੋਬਤੀ ਦਾ ਵੀ ਸ਼ਹਿਰ ਹੈ ਅਤੇ ਸਾਂਝਾ ਮੋਰਚਾ ਸਰਕਾਰ ਵਿਚ ਪ੍ਰਧਾਨ ਮੰਤਰੀ ਰਹੇ ਪ੍ਰਸਿੱਧ ਦਾਨਸ਼ਵਰ ਇੰਦਰ ਕੁਮਾਰ ਗੁਜਰਾਲ ਦਾ ਵੀ ਸ਼ਹਿਰ ਹੈ । ਮੈਨੂੰ ਜਿਹਲਮ ਸਦਕਾ ਗੁਜਰਾਲ ਨਾਲ ਉਹ ਮਿਲਣੀ ਵੀ ਯਾਦ ਆਈ, ਜਦੋਂ ਅਕਤੂਬਰ ਇਨਕਲਾਬ ਦੀ ਤਰੇਠਵੀਂ ਵਰ੍ਹੇਗੰਢ ਦੇ ਮੌਕੇ, ਮਾਸਕੋ ਵਿਖੇ ਹੋਏ ਇਕ ਜਸ਼ਨ ਵਿਚ ਇੰਦਰ ਕੁਮਾਰ ਜੋ ਓਦੋਂ ਉਥੇ ਭਾਰਤ ਦੇ ਸਫੀਰ ਸਨ, ਮੇਰੇ ਲਾਗੇ ਹੀ ਖਲੋਤੇ ਸਨ । (ਚਲਦਾ)



Sri Satguru Jagjit Singh Ji eLibrary NamdhariElibrary@gmail.com

ਕਹਾਣੀ

# ਟੋਭਾ ਟੇਕ ਸਿੰਘ

– ਸਆਦਤ ਹਸਨ ਮੰਟੋ

ਭਾਰਤ-ਪਾਕਿ ਵੰਡ ਨੂੰ ਬਵਿੰਜਾ ਸਾਲ ਹੋਣ ਵਾਲੇ ਹਨ। ਇਹ ਇਕ ਆਮ ਸਿਆਸੀ ਫੈਸਲਾ ਨਹੀਂ ਸੀ ਸਗੋਂ ਇਹ ਵੀਹਵੀਂ ਸਦੀ ਦਾ ਇਸ ਖਿੱਤੇ ਦਾ ਸਭ ਤੋਂ ਵੱਡਾ ਘਲੂ-ਘਾਰਾ ਸੀ। ਇਸ ਵੰਡ ਵੇਲੇ ਪੰਜਾਬੀਆ ਨੇ ਜੋ ਪ੍ਰਸਪਰ ਵੱਡਾਂਗਾ ਕੀਤਾ, ਉਹ ਸਮੁੱਚੀ ਪੰਜਾਬੀ ਕੌਮ ਦਾ ਪਾਗਲਪਣ ਸੀ। ਇਸ ਗੱਲ ਦੀ ਨਮੋਸ਼ੀ ਅਜੇ ਵੀ ਪੰਜਾਬੀਆਂ ਨੂੰ ਹੈ। ਪਿਛਲੇ ਸਮੇਂ ਤੋਂ ਇਸ ਦਾ ਇਜ਼ਹਾਰ ਵੀ ਪੰਜਾਬੀ ਬੁੱਧੀਜੀਵੀਆਂ ਵਲੋਂ ਹੋ ਰਿਹਾ ਹੈ। ਇਸੇ ਹੀ ਸੰਬੰਧ ਵਿਚ 'ਪੰਜਾਬੀ ਸੱਥ' (ਲਾਂਬੜ) ਨੇ ਦੋ ਪੁਸਤਕਾਂ ਪੂਰਬੀ ਤੇ ਪੱਛਮੀ ਪੰਜਾਬ ਦੇ ਲੇਖਕਾਂ ਦੀਆਂ ਕਹਾਣੀਆਂ ਦੀਆ ਛਾਪੀਆਂ ਹਨ। ਹਿੰਦ-ਪਾਕਿ ਦੇ ਮਸ਼ਹੂਰ ਉਰਦੂ ਕਹਾਣੀਕਾਰ ਸਆਦਤ ਹਸਨ ਮੰਟੋ ਦੀ ਇਹ ਕਹਾਣੀ ਕਈ ਵਾਰ ਛਪ ਚੁੱਕੀ ਹੈ ਪਰ ਸਦਾ ਤਾਜ਼ਾ ਦੀ ਤਾਜ਼ਾ ਹੈ। ਵਰਿਆਮ ਦੇ ਪਾਠਕਾਂ ਲਈ ਇਹ ਸੰਸਾਰ ਪਰਸਿੱਧ ਕਹਾਣੀ ਹਾਜ਼ਰ ਹੈ। ਨੀਝ ਨਾਲ ਪੜ੍ਹਿਆਂ ਇਸ ਵਿਚੋਂ ਕਈ ਤਸਵੀਰ ਦਿਸਣਗੀਆਂ। —ਸੰਪਾਦਕ

ਬਟਵਾਰੇ ਦੇ ਦੋ-ਤਿੰਨ ਵਰ੍ਹਿਆਂ ਪਿੱਛੋਂ ਪਾਕਿਸਤਾਨ ਤੇ ਹਿੰਦੁਸਤਾਨ ਦੀਆਂ ਹਕੂਮਤਾਂ ਨੂੰ ਖਿਆਲ ਆਇਆ ਕਿ ਇਖ਼ਲਾਕੀ ਕੈਦੀਆਂ ਦੀ ਤਰ੍ਹਾਂ ਪਾਗਲਾਂ ਦਾ ਵੀ ਤਬਾਦਲਾ ਹੋਣਾ ਚਾਹੀਦੈ, ਜੋ ਮੁਸਲਮਾਨ ਪਾਗਲ ਹਿੰਦੁਸਤਾਨ ਦੇ ਪਾਗਲਖਾਨਿਆਂ ਵਿਚ ਨੇ, ਉਹਨਾਂ ਨੂੰ ਪਾਕਿਸਤਾਨ ਭੇਜ ਦਿਤਾ ਜਾਵੇ ਅਤੇ ਜੋ ਹਿੰਦੂ ਤੇ ਸਿੱਖ ਪਾਕਿਸਤਾਨ ਦੇ ਪਾਗਲਖਾਨਿਆਂ ਵਿਚ ਨੇ, ਉਹਨਾਂ ਨੂੰ ਹਿੰਦੁਸਤਾਨ ਦੇ ਹਵਾਲੇ ਕਰ ਦਿਤਾ ਜਾਵੇ।

ਪਤਾ ਨਹੀਂ, ਇਹ ਗੱਲ ਵਾਜਿਬ ਸੀ ਜਾਂ ਗੈਰ-ਵਾਜਿਬ ਚਲੋ ਫੇਰ ਵੀ ਬੁੱਧੀਮਾਨਾਂ ਦੇ ਫੈਸਲੇ ਮੁਤਾਬਿਕ ਏਧਰ-ਓਧਰ ਉੱਚੀ ਪੱਧਰ ਦੀਆਂ ਕਾਨਫਰੰਸਾਂ ਹੋਈਆਂ ਅਤੇ ਅੰਤ ਨੂੰ ਪਾਗਲਾਂ ਦੇ ਤਬਾਦਲੇ ਦਾ ਇਕ ਦਿਨ ਨਿਸਚਿਤ ਹੋ ਗਿਆ।

ਚੰਗੀ ਤਰ੍ਹਾਂ ਛਾਣਬੀਣ ਕੀਤੀ ਗਈ—ਉਹ ਮੁਸਲਮਾਨ ਪਾਗਲ ਜਿਨ੍ਹਾਂ ਦੇ ਸਬੰਧੀ ਹਿੰਦੁਸਤਾਨ ਵਿਚ ਹੀ ਸਨ, ਉਥੇ ਹੀ ਰਹਿਣ ਦਿਤੇ ਗਏ, ਬਾਕੀ ਜਿਹੜੇ ਬਚੇ, ਉਹਨਾਂ ਨੂੰ ਸਰਹੱਦ ਉਤੇ ਭੇਜ ਦਿਤਾ ਗਿਆ।

ਪਾਕਿਸਤਾਨ ਤੋਂ ਕਿਉਂਕਿ ਲਗਪਗ ਤਮਾਮ ਹਿੰਦੂ-ਸਿੱਖ ਜਾ ਚੁਕੇ ਸਨ, ਇਸ ਵਾਸਤੇ ਕਿਸੇ ਨੂੰ ਰੱਖਣ ਰਖਾਉਣ ਦਾ ਸਵਾਲ ਹੀ ਪੈਦਾ ਨਾ ਹੋਇਆ, ਜਿੰਨੇ ਹਿੰਦੂ ਸਿੱਖ ਪਾਗਲ ਸਨ, ਸਾਰੇ ਦੇ ਸਾਰੇ ਪੁਲਿਸ ਦੀ ਰਖਵਾਲੀ ਵਿਚ ਬਾਰਡਰ ਉਤੇ ਪਹੁੰਚਾ ਦਿਤੇ ਗਏ।

ਓਧਰ ਦਾ ਪਤਾ ਨਹੀਂ, ਪਰੰਤੂ ਏਧਰ ਲਾਹੌਰ ਦੇ ਪਾਗਲਖਾਨੇ, ਜਦੋਂ ਇਸ ਤਬਾਦਲੇ ਦੀ ਖਬਰ ਪੁਜੀ ਤਾਂ ਬੜੀ ਦਿਲਚਸਪ ਚਰਚਾ ਹੋਣ ਲੱਗੀ।

ਇਕ ਮੁਸਲਮਾਨ ਪਾਗਲ ਜੋ ਬਾਰਾਂ ਵਰ੍ਹਿਆਂ ਤੋਂ, ਹਰ ਰੋਜ਼, ਬਾਕਾਇਦਗੀ ਦੇ ਨਾਲ 'ਜ਼ਮੀਂਦਾਰ' ਪੜ੍ਹਦਾ ਸੀ, ਉਹਨੇ ਜਦ ਅਪਣੇ ਇਕ ਮਿੱਤਰ ਨੂੰ ਪੁੱਛਿਆ, "ਮੌਲਵੀ ਸਾਬ੍ਹ, ਇਹ ਪਾਕਿਸਤਾਨ ਕੀ ਹੁੰਦਾ ਏ...?" ਤਾਂ ਉਸ ਨੇ ਬੜੀ ਸੋਚ-ਵਿਚਾਰ ਪਿਛੋਂ ਜਵਾਬ ਦਿਤਾ, "ਹਿੰਦੁਸਤਾਨ ਵਿਚ ਇਕ ਐਸੀ ਥਾਂ ਏ ਜਿਥੇ ਉਸਤਰੇ ਬਣਦੇ ਨੇ।" ਇਹ ਜਵਾਬ ਸੁਣ ਕੇ ਉਸ ਦੇ ਦੋਸਤ ਦੀ ਤਸੱਲੀ ਹੋ ਗਈ।

ਇੰਝ ਹੀ ਇਕ ਸਿੱਖ ਪਾਗਲ ਨੇ ਇਕ ਦੂਜੇ ਸਿੱਖ ਪਾਗਲ ਤੋਂ ਪੁਛਿਆ, "ਸਰਦਾਰ ਜੀ ਸਾਨੂੰ ਹਿੰਦੁਸਤਾਨ ਕਿਉਂ ਭੇਜਿਆ ਜਾ ਰਿਹੈ...ਸਾਨੂੰ ਤਾਂ ਉਥੋਂ ਦੀ ਬੋਲੀ ਨੀ ਅਉਂਦੀ..!" ਦੂਜਾ ਮੁਸਕਰਾਇਆ, "...ਮੈਨੂੰ ਤਾਂ ਹਿੰਦੁਸਤੌੜੋਂ ਦੀ ਬੋਲੀ ਆਉਂਦੀ ਐ, ...ਹਿੰਦੁਸਤਾਨੀ ਬੜੇ ਅਕੜ ਅਕੜ ਫਿਰਤੇ ਹੈ......!"

ਇਕ ਦਿਹਾੜੇ ਨਹਾਉਂਦਿਆਂ ਨਹਾਉਂਦਿਆਂ ਇਕ ਮੁਸਲਮਾਨ ਪਾਗਲ ਨੇ 'ਪਾਕਿਸਤਾਨ ਜ਼ਿੰਦਾਬਾਦ' ਦਾ ਨਾਅਰਾ ਏਨੇ ਜ਼ੋਰ ਨਾਲ ਬੁਲੰਦ ਕੀਤਾ ਕਿ ਉਹ ਫਰਸ਼ ਉਤੋਂ ਤਿਲਕ ਕੇ ਡਿਗ ਹੀ ਪਿਆ ਤੇ ਬੇਹੋਸ਼ ਹੋ ਗਿਆ। ਕਈ ਪਾਗਲ ਅਜਿਹੇ ਵੀ ਸਨ ਜੋ ਪਾਗਲ ਨਹੀਂ ਸਨ। ਉਹਨਾਂ ਵਿਚ ਬਹੁ-ਗਿਣਤੀ ਅਜਿਹੇ ਕਾਤਲਾਂ ਦੀ ਸੀ ਜਿਨਾਂ ਦੇ ਰਿਸ਼ਤੇਦਾਰਾਂ ਨੇ ਅਫਸਰਾਂ ਨੂੰ ਕੁਝ ਦੇ-ਦਿਵਾ ਕੇ ਪਾਗਲਖਾਨੇ ਭਿਜਵਾ ਦਿਤਾ ਸੀ ਤਾਂ ਜੋ ਉਹ ਫਾਂਸੀ ਦੇ ਫੰਧੇ ਤੋਂ ਬਚ ਜਾਣ। ਇਹ ਪਾਗਲ ਕੁਝ ਕੁਝ ਸਮਝਦੇ ਸਨ ਕਿ ਹਿੰਦੁਸਤਾਨ ਕਿਉਂ ਵੰਡਿਆ ਗਿਆ ਏ ਅਤੇ ਇਹ ਪਾਕਿਸਤਾਨ ਕੀ ਹੈ, ਪਰ ਸਹੀ ਹਾਦਸਿਆਂ ਤੋਂ ਉਹ ਵੀ ਬੇਖਬਰ ਸਨ। ਅਖਬਾਰਾਂ ਤੋਂ ਉਹਨਾਂ ਨੂੰ ਕੁਝ ਪਤਾ ਨਹੀਂ ਸੀ ਲਗਦਾ ਅਤੇ ਪਹਿਰੇ-ਦਾਰ ਸਿਪਾਹੀ ਅਨਪੜ੍ਹ ਅਤੇ ਮੂੜ੍ਹ ਸਨ, ਜਿਨ੍ਹਾਂ ਦੀ ਗੱਲਬਾਤ



Sri Satguru Jagjit Singh Ji eLibrary NamdhariElibrary@gmail.com

ਤੋਂ ਵੀ ਉਹ ਕਿਸੇ ਨਤੀਜੇ ਤੇ ਨਹੀਂ ਸਨ ਪਹੁੰਚ ਸਕਦੇ। ਉਹਨਾਂ ਨੂੰ ਸਿਰਫ ਏਨਾ ਕੁ ਪਤਾ ਸੀ ਕਿ ਇਕ ਆਦਮੀ 'ਮੁਹੰਮਦ ਅਲੀ ਜਿਨਾਹ' ਹੈ ਜਿਸ ਨੂੰ 'ਕਾਇਦੇ-ਆਜ਼ਮ' ਕਹਿੰਦੇ ਨੇ, ਉਹਨੇ ਮੁਸਲਮਾਨਾਂ ਵਾਸਤੇ ਇਕ ਵੱਖਰਾ ਮੁਲਕ ਬਣਾਇਆ ਹੈ ਜਿਸ ਦਾ ਨਾਮ ਪਾਕਿਸਤਾਨ ਹੈ। ਇਹ ਕਿਥੇ ਹੈ? ਇਸ ਦੀ ਭੂਗੋਲਿਕ ਸਥਿਤੀ ਕੀ ਹੈ? ਇਸ ਦੇ ਬਾਰੇ ਉਹ ਕੁਝ ਨਹੀਂ ਸਨ ਜਾਣਦੇ—ਇਹੀ ਵਜ੍ਹਾ ਸੀ ਕਿ ਉਹ ਸਭ ਪਾਗਲ ਜਿਨ੍ਹਾਂ ਦਾ ਦਿਮਾਗ ਪੂਰੀ ਤਰ੍ਹਾਂ ਨਹੀਂ ਸੀ ਹਿੱਲਿਆ ਹੋਇਆ, ਇਸ ਭੰਬਲ-ਭੂਸੇ ਵਿਚ ਪਏ ਹੋਏ ਸਨ ਕਿ 'ਉਹ ਪਾਕਿਸਤਾਨ ਵਿਚ ਸਨ ਜਾਂ ਹਿੰਦੁਸਤਾਨ ਵਿਚ!'

ਇਕ ਪਾਗਲ ਤਾਂ ਹਿੰਦੁਸਤਾਨ ਅਤੇ ਪਾਕਿਸਤਾਨ, ...ਪਾਕਿਸਤਾਨ ਤੇ ਹਿੰਦੁਸਤਾਨ ਦੇ ਚੱਕਰ ਵਿਚ ਕੁਝ ਅਜਿਹਾ ਫਸਿਆ ਕਿ ਉਹ ਹੋਰ ਵੀ ਜਿਆਦਾ ਝੱਲਾ ਹੋ ਗਿਆ। ਝਾੜੂ ਦਿੰਦਿਆਂ-ਦਿੰਦਿਆਂ ਈ ਉਹ ਇਕ ਦਿਨ ਰੁੱਖ ਉੱਤੇ ਚੜ੍ਹ ਗਿਆ ਤੇ ਦੋ ਘੰਟੇ ਤਕਰੀਰ ਕਰਦਾ ਰਿਹਾ, ਜੋ ਪਾਕਿਸਤਾਨ ਤੇ ਹਿੰਦੁਸਤਾਨ ਦੇ ਨਾਜ਼ਕ ਮਸਲੇ ਉੱਤੇ ਸੀ ..ਸਿਪਾਹੀਆਂ ਨੇ ਜਦ ਉਸ ਨੂੰ ਹੇਠਾਂ ਉਤਰਨ ਲਈ ਆਖਿਆ ਤਾਂ ਉਹਨੇ ਕਿਹਾ, "ਮੈਂ ਨਾ ਹਿੰਦੁਸਤਾਨ ਵਿਚ ਰਹਿਣਾ ਚਾਹੁੰਨਾਂ ਨਾ ਪਾਕਿਸਤਾਨ ਵਿਚ ਮੈਂ ਇਸ ਰੁੱਖ ਉੱਤੇ ਹੀ ਰਵ੍ਹਾਂਗਾ ..।" ਬੜੀ ਦੇਰ ਬਾਅਦ ਜਦ ਉਸ ਦਾ ਦੌਰਾ ਠੰਢਾ ਹੋਇਆ ਤਾਂ ਉਹ ਥੱਲੇ ਉਤਰਿਆ ਅਤੇ ਆਪਣੇ ਹਿੰਦੂ-ਸਿੱਖ ਮਿੱਤਰਾਂ ਦੇ ਗਲ ਲੱਗ-ਲੱਗ ਕੇ ਖੂਬ ਰੋਇਆ। 'ਇਸ ਖਿਆਲ ਨਾਲ ਈ ਉਸ ਦਾ ਦਿਲ ਭਰ ਆਇਆ ਸੀ ਕਿ ਉਹ ਉਸ ਨੂੰ ਛੱਡ ਕੇ ਚਲੇ ਜਾਣਗੇ ।'

ਇਕ ਐਮ.ਐਸ.ਸੀ. ਪਾਸ ਰੇਡੀਓ-ਇੰਜੀਨੀਅਰ, ਜੋ ਮੁਸਲਮਾਨ ਸੀ ਅਤੇ ਦੂਜੇ ਪਾਗਲਾਂ ਤੋਂ ਬਿਲਕੁਲ ਅਲਗ-ਥਲਗ ਬਾਗ ਦੀ ਪਗਡੰਡੀ ਉਤੇ ਸਾਰਾ ਦਿਨ ਚੁੱਪ-ਚੁੱਪ ਟਹਿਲਦਾ ਰਹਿੰਦਾ ਸੀ, ਵਿਚ ਇਹ ਤਬਦੀਲੀ ਹੋਈ—ਕਿ ਉਸ ਨੇ ਆਪਣੇ ਸਾਰੇ ਕੱਪੜੇ ਲਾਹ ਕੇ ਦਫੇਦਾਰ ਦੇ ਹਵਾਲੇ ਕਰ ਦਿਤੇ ਅਤੇ ਨੰਗ-ਧੜੰਗਾ ਹੋ ਕੇ ਸਾਰੇ ਬਾਗ ਵਿਚ ਟਹਿਲਣਾ ਸ਼ੁਰੂ ਕਰ ਦਿੱਤਾ।

ਚਨਿਓਟ ਦੇ ਇਕ ਮੋਟੇ ਮੁਸਲਮਾਨ ਨੇ, ਜੋ ਮੁਸਲਿਮ ਲੀਗ ਦਾ ਸਰਗਰਮ ਮੈਂਬਰ ਰਹਿ ਚੁੱਕਿਆ ਸੀ ਅਤੇ ਦਿਨ 'ਚ ਪੰਦਰਾਂ-ਸੋਲਾਂ ਵਾਰੀ ਨਹਾਇਆ ਕਰਦਾ ਸੀ, ਇਕ ਦਮ ਇਹ ਆਦਤ ਛੱਡ ਦਿੱਤੀ ..ਉਹਦਾ ਨਾਂ ਮੁਹੰਮਦ ਅਲੀ ਸੀ। ਸੋ ਉਸ ਨੇ ਆਪਣੇ ਜੰਗਲੇ ਵਿਚੋਂ ਇਕ ਦਿਨ ਐਲਾਨ ਕਰ ਦਿੱਤਾ ਕਿ, 'ਉਹ ਕਾਇਦੇ-ਆਜ਼ਮ ਮੁਹੰਮਦ ਅਲੀ ਜਿਨਾਹ ਹੈ।' ਉਸ ਦੀ ਦੇਖਾ ਦੇਖੀ ਇਕ ਸਿੱਖ ਪਾਗਲ 'ਮਾਸਟਰ ਤਾਰਾ ਸਿੰਘ' ਬਣ ਗਿਆ—ਇਸ ਤੋਂ ਪਹਿਲਾਂ ਕਿ ਖੂਨ-ਖਰਾਬਾ ਹੋ ਜਾਂਦਾ ਦੋਨਾਂ ਨੂੰ ਖ਼ਤਰਨਾਕ ਪਾਗਲ ਕਰਾਰ ਦੇ ਕੇ ਅਲੱਗ-ਅਲੱਗ ਬੰਦ ਕਰ ਦਿੱਤਾ ਗਿਆ।

ਲਾਹੌਰ ਦਾ ਇਕ ਨੌਜੁਆਨ ਹਿੰਦੂ ਵਕੀਲ ਮੁਹੱਬਤ ਵਿਚ ਖਤਾ ਖਾ ਚੁੱਕਾ ਸੀ, ਜਦੋਂ ਉਸ ਨੇ ਸੁਣਿਆ ਕਿ ਅੰਮ੍ਰਿਤਸਰ ਹਿੰਦੁਸਤਾਨ ਵਿਚ ਚਲਾ ਗਿਆ ਹੈ ਤਾਂ ਉਹਨੂੰ ਬੜਾ ਦੁੱਖ ਹੋਇਆ। ਅੰਮ੍ਰਿਤਸਰ ਦੀ ਇਕ ਹਿੰਦੂ ਕੁੜੀ ਨਾਲ ਉਸ ਨੂੰ ਮੁਹੱਬਤ ਸੀ ਜਿਸ ਨੇ ਉਸ ਨੂੰ ਠੁਕਰਾ ਦਿੱਤਾ ਪਰ ਦੀਵਾਨਗੀ ਦੀ ਹਾਲਤ ਵਿਚ ਵੀ ਉਹ ਉਸ ਹਸੀਨਾ ਨੂੰ ਨਹੀਂ ਸੀ ਭੁੱਲਿਆ—ਉਹ ਉਹਨਾਂ ਸਾਰੇ ਹਿੰਦੂ ਅਤੇ ਮੁਸਲਮਾਨ ਲੀਡਰਾਂ ਨੂੰ ਗਾਲ੍ਹਾਂ ਦੇਣ ਲੱਗ ਪਿਆ ਜਿੰਨਾ ਨੇ ਮਿਲ-ਮਿਲਾ ਕੇ ਹਿੰਦੁਸਤਾਨ ਦੇ ਦੋ ਟੋਟੇ ਕਰ ਦਿੱਤੇ ਸਨ। ਉਸ ਦੀ ਮਹਿਬੂਬਾ ਹਿੰਦੁਸਤਾਨੀ ਬਣ ਗਈ ਸੀ ਅਤੇ ਉਹ ਪਾਕਿਸਤਾਨੀ।...ਜਦ ਤਬਾਦਲੇ ਦੀ ਗੱਲ ਸ਼ੁਰੂ ਹੋਈ ਤਾਂ ਉਸ ਵਕੀਲ ਨੂੰ ਪਾਗਲਾਂ ਨੇ ਸਮਝਾਇਆ ਕਿ 'ਉਹ ਦਿਲ ਥੋੜਾ ਨਾ ਕਰੇ...ਉਹਨੂੰ ਹਿੰਦੁਸਤਾਨ ਭੇਜ ਦਿੱਤਾ ਜਾਵੇਗਾ, ਉਸੇ ਹਿੰਦੁਸਤਾਨ ਜਿਥੇ ਉਸ ਦੀ ਮਹਿਬੂਬਾ ਰਹਿੰਦੀ ਹੈ'—ਪਰ ਉਹ ਲਾਹੌਰ ਨਹੀਂ ਸੀ ਛੱਡਣਾ ਚਾਹੁੰਦਾ। ਉਸਦਾ ਖਿਆਲ ਸੀ ਕਿ ਅੰਮ੍ਰਿਤਸਰ ਵਿਚ ਉਹਦੀ ਵਕਾਲਤ ਦੀ ਪ੍ਰੈਕਟਿਸ ਨਹੀਂ ਚਲੇਗੀ।

ਯੂਰਪੀਅਨ ਵਾਰਡ ਵਿਚ ਦੋ ਐਂਗਲੋ-ਇੰਡੀਅਨ ਪਾਗਲ ਸਨ। ਉਹਨਾਂ ਨੂੰ ਜਦ ਪਤਾ ਲੱਗਿਆ ਕਿ ਹਿੰਦੁਸਤਾਨ ਨੂੰ ਆਜ਼ਾਦ ਕਰ ਕੇ ਅੰਗਰੇਜ਼ ਚਲੇ ਗਏ ਨੇ ਤਾਂ ਉਹਨਾਂ ਨੂੰ ਬੜਾ ਸਦਮਾ ਲੱਗਿਆ। ਉਹ ਲੁਕ-ਲੁਕ ਕੇ ਘੰਟਿਆਂ ਬੱਧੀ ਇਸ ਮਸਲੇ ਤੇ ਗੱਲਬਾਤ ਕਰਦੇ ਰਹਿੰਦੇ ਕਿ—ਹੁਣ ਪਾਗਲਖਾਨੇ ਵਿਚ ਉਹਨਾਂ ਦੀ ਹੈਸੀਅਤ ਕਿਸ ਕਿਸਮ ਦੀ ਹੋਵੇਗੀ? ਯੂਰਪੀਅਨ ਵਾਰਡ ਰਹੇਗਾ ਜਾਂ ਉਡਾ ਦਿੱਤਾ ਜਾਵੇਗਾ, ਬ੍ਰੇਕਫਾਸਟ ਮਿਲਿਆ ਕਰੇਗਾ ਜਾਂ ਨਹੀਂ? ਕੀ ਉਹਨਾਂ ਨੂੰ ਡਬਲ-ਰੋਟੀ ਦੀ ਬਜਾਏ 'ਬਲੱਡੀ-ਇੰਡੀਅਨ' ਚਪਾਤੀ ਤਾਂ ਨਹੀਂ ਡੱਫਣੀ ਪਵੇਗੀ?

ਇਕ ਸਿੱਖ, ਜਿਸ ਨੂੰ ਪਾਗਲਖਾਨੇ 'ਚ ਦਾਖ਼ਲ ਹੋਇਆਂ ਪੰਦਰਾਂ ਵਰ੍ਹੇ ਹੋ ਚੁੱਕੇ ਸਨ। ਹਰ ਵੇਲੇ ਉਸ ਦੇ ਮੂੰਹੋਂ ਅਜੀਬ ਜਿਹੇ ਸ਼ਬਦ ਸੁਣਾਈ ਦਿੰਦੇ ਸਨ, 'ਔਪੜ ਦਿ ਗੜਗੜ ਦਿ ਅਨੈਕਸ ਦਿ ਬੇਧਿਆਨਾਂ ਦਿ ਮੂੰਗ ਕਿ ਦਾਲ



Sri Satguru Jagjit Singh Ji eLibrary NamdhariElibrary@gmail.com

ਆਫ ਦੀ ਲਾਲਟੈਨ .. ਉਹ ਨਾ ਦਿਨ 'ਚ ਸੌਂਦਾ ਨਾ ਰਾਤ ਨੂੰ। ਪਹਿਰੇਦਾਰ ਦਾ ਇਹ ਕਹਿਣਾ ਸੀ, 'ਕਿ ਪੰਦਰਾਂ ਵਰ੍ਹਿਆਂ ਦੇ ਅਰਸੇ 'ਚ ਉਹ ਇਕ ਪਲ ਵੀ ਨਹੀਂ ਸੀ ਸੁੱਤਾ ਚਤੌ ਪਹਿਰ ਖੜਾ ਰਹਿਣ ਕਰ ਕੇ ਉਸ ਦੇ ਪੈਰ ਸੁੱਜ ਗਏ, ਪਿੰਜਣੀਆਂ ਵੀ ਫੁਲ ਗਈਆਂ ਸਨ, ਮਗਰ ਜਿਸਮਾਨੀ ਤਕਲੀਫ਼ ਦੇ ਬਾਵਜੂਦ ਉਹ ਲੰਮਾ ਪੈ ਕੇ ਆਰਾਮ ਨਹੀਂ ਸੀ ਕਰਦਾ।

ਹਿੰਦੁਸਤਾਨ-ਪਾਕਿਸਤਾਨ ਤੇ ਪਾਗਲਾਂ ਦੇ ਤਬਾਦਲੇ ਬਾਰੇ ਜਦ ਕਦੇ ਗੱਲਬਾਤ ਹੁੰਦੀ ਸੀ ਤਾਂ ਉਹ ਬੜੇ ਧਿਆਨ ਨਾਲ ਸੁਣਦਾ ਸੀ। ਕੋਈ ਉਸ ਨੂੰ ਪੁਛਦਾ—ਕਿ ਉਸ ਦਾ ਕੀ ਖਿਆਲ ਹੈ? ਤਾਂ ਉਹ ਬੜੀ ਗੰਭੀਰਤਾ ਨਾਲ ਜਵਾਬ ਦਿੰਦਾ, "ਔਪੜ ਦਿ ਗੜ-ਗੜ ਦਿ ਅਨੈਕਸ ਦਿ ਬੇਧਿਆਨਾਂ ਦੀ ਦਾਲ ਆਫ ਦੀ ਪਾਕਿਸਤਾਨ ਦੀ ਗਵਰਮੈਂਟ" ਪਰ ਬਾਅਦ ਵਿਚ "ਆਫ ਦੀ ਪਾਕਿਸਤਾਨ ਦੀ ਗਵਰਮੈਂਟ" ਦੀ ਥਾਂ "ਆਫ ਦੀ ਟੋਭਾ ਟੇਕ ਸਿੰਘ" ਨੇ ਲੈ ਲਈ ਅਤੇ ਉਸ ਨੇ ਦੂਜੇ ਪਾਗਲਾਂ ਤੋਂ ਪੁਛਣਾ ਸ਼ੁਰੂ ਕਰ ਦਿਤਾ ਕਿ 'ਟੋਭਾ ਟੇਕ ਸਿੰਘ ਕਿਥੇ ਹੈ?" ਜਿਥੇ ਦਾ ਉਹ ਰਹਿਣ ਵਾਲਾ ਸੀ, ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਟੋਭਾ ਟੇਕ ਸਿੰਘ ਪਾਕਿਸਤਾਨ ਵਿਚ ਹੈ ਜਾਂ ਹਿੰਦੁਸਤਾਨ ਵਿਚ ਹੈ...? ਜੋ ਦੱਸਣ ਦੀ ਕੋਸ਼ਿਸ਼ ਕਰਦੇ ਸਨ ਉਹ ਆਪ ਇਸ ਉਲਝਣ ਵਿਚ ਫਸ ਜਾਂਦੇ ਸਨ ਕਿ—'ਸਿਆਲਕੋਟ ! ਪਹਿਲਾਂ ਸੁਣਿਐ ਹਿੰਦੁਸਤਾਨ ਵਿਚ ਸੀ, ਹੁਣ ਸੁਣਿਐ ਪਾਕਿਸਤਾਨ ਵਿਚ ਹੈ। ...ਕੀ ਪਤਾ ਏ ਕਿ ਲਾਹੌਰ ਜੋ ਅੱਜ ਪਾਕਿਸਤਾਨ ਵਿਚ ਹੈ, ਕਲ੍ਹ ਹਿੰਦੁਸਤਾਨ ਵਿਚ ਚਲਿਆ ਜਾਵੇ...ਜਾਂ ਸਾਰਾ ਹਿੰਦੁਸਤਾਨ ਹੀ ਪਾਕਿਸਤਾਨ ਬਣ ਜਾਵੇ? ...ਅਤੇ ਇਹ ਵੀ ਕੌਣ ਛਾਤੀ ਤੇ ਹੱਥ ਰਖ ਕੇ ਕਹਿ ਸਕਦਾ ਹੈ ਕਿ ਹਿੰਦੁਸਤਾਨ ਤੇ ਪਾਕਿਸਤਾਨ ਦੋਨੋਂ ਕਿਸੇ ਦਿਨ ਸਿਰੇ ਤੋਂ ਹੀ ਗਾਇਬ ਹੋ ਜਾਣ?'

ਏਸ ਸਿੱਖ ਪਾਗਲ ਦੇ ਕੇਸ ਛਿੱਦਰੇ ਹੋ ਕੇ ਬਹੁਤ ਘਟ ਗਏ ਸਨ, ਕਿਉਂਕਿ ਉਹ ਨਹਾਉਂਦਾ ਤੇ ਕਦੇ-ਕਦਾਈਂ ਹੀ ਸੀ, ਇਸ ਲਈ ਦਾੜ੍ਹੀ ਅਤੇ ਸਿਰ ਦੇ ਵਾਲ ਆਪਸ ਵਿਚ ਜੰਮ ਗਏ ਸਨ। ਜਿਸ ਦੇ ਕਾਰਨ ਉਸ ਦੀ ਸ਼ਕਲ ਬੜੀ ਭਿਆਨਕ ਹੋ ਗਈ ਸੀ, ਪਰ ਆਦਮੀ ਨਿਡਰ ਸੀ, ਪੰਦਰਾਂ ਵਰ੍ਹਿਆਂ ਵਿਚ ਉਹਨੇ ਕਦੀ ਵੀ ਕਿਸੇ ਨਾਲ ਝਗੜਾ ਫਸਾਦ ਨਹੀਂ ਸੀ ਕੀਤਾ। ਪਾਗਲਖਾਨੇ ਦੇ ਜੋ ਪੁਰਾਣੇ ਨੌਕਰ ਸਨ ਉਹ ਉਹਦੇ ਬਾਰੇ ਏਨਾ ਕੁ ਜਾਣਦੇ ਸਨ ਕਿ 'ਟੋਭਾ ਟੇਕ ਸਿੰਘ ਵਿਚ ਉਸਦੀ ਕਾਫੀ ਜ਼ਮੀਨ ਸੀ, ਚੰਗਾ ਖਾਂਦਾ-ਪੀਂਦਾ ਜ਼ਿਮੀਂਦਾਰ ਸੀ ਕਿ ਅਚਾਨਕ ਦਿਮਾਗ ਹਿਲ ਗਿਆ। ਉਹਦੇ ਰਿਸ਼ਤੇਦਾਰ ਉਸ ਨੂੰ ਲੋਹੇ ਦੇ ਮੋਟੇ ਮੋਟੇ ਸੰਗਲਾਂ ਨਾਲ ਬੰਨ੍ਹ ਕੇ ਲਿਆਏ ਤੇ ਪਾਗਲਖਾਨੇ ਦਾਖਲ ਕਰਵਾ ਕੇ ਚਲੇ ਗਏ।'

ਮਹੀਨੇ 'ਚ ਇਕ ਵੇਰਾਂ ਮੁਲਾਕਾਤ ਲਈ ਉਹ ਲੋਕ ਆਉਂਦੇ ਅਤੇ ਉਹਦੀ ਖੈਰ-ਸੁਖ ਦਾ ਪਤਾ ਕਰਕੇ ਚਲੇ ਜਾਂਦੇ ਸਨ। ਬੜੀ ਦੇਰ ਤਕ ਇਹ ਸਿਲਸਿਲਾ ਜਾਰੀ ਰਿਹਾ ਪਰ ਜਦੋਂ ਪਾਕਿਸਤਾਨ-ਹਿੰਦੁਸਤਾਨ ਦੀ ਗੜਬੜ ਸ਼ੁਰੂ ਹੋਈ ਤਾਂ ਉਹਨਾਂ ਦਾ ਆਉਣਾ ਜਾਣਾ ਵੀ ਬੰਦ ਹੋ ਗਿਆ।

ਉਹਦਾ ਨਾਂ ਬਿਸ਼ਨ ਸਿੰਘ ਸੀ, ਪਰ ਸਾਰੇ ਜਣੇ ਉਸਨੂੰ ਟੋਭਾ ਟੇਕ ਸਿੰਘ ਈ ਕਹਿੰਦੇ ਸਨ। ਉਹਨੂੰ ਇਹ ਕਤਈ ਮਾਲੂਮ ਨਹੀਂ ਸੀ ਕਿ—ਅੱਜ ਦਿਨ ਕਿਹੜਾ ਹੈ, ਮਹੀਨਾ ਕਿਹੜਾ ਹੈ ਜਾਂ ਕਿੰਨੇ ਵਰ੍ਹੇ ਬੀਤ ਚੁਕੇ ਨੇ? ਪਰ ਹਰ ਮਹੀਨੇ ਜਦੋਂ ਉਸ ਦੇ ਅੰਗ-ਸਾਕ ਉਹਨੂੰ ਮਿਲਣ ਵਾਸਤੇ ਆਉਣ ਵਾਲੇ ਹੁੰਦੇ ਤਾਂ ਉਹਨੂੰ ਆਪਣੇ ਆਪ ਪਤਾ ਲਗ ਜਾਂਦਾ। ਏਸ ਲਈ ਉਹ ਦਫ਼ਾਦਾਰ ਨੂੰ ਕਹਿੰਦਾ ਕਿ 'ਉਸ ਦੀ ਮੁਲਾਕਾਤ ਆ ਰਹੀ ਏ।' ਉਸ ਦਿਨ ਉਹ ਮਲ-ਮਲਕੇ ਨਹਾਉਂਦਾ, ਬਦਨ ਉਤੇ ਖੂਬ ਸਾਬਣ ਘਸਾਉਂਦਾ ਅਤੇ ਵਾਲਾਂ 'ਚ ਤੇਲ ਲਾ ਕੇ ਕੰਘਾ ਕਰਦਾ। ਆਪਣੇ ਉਹ ਕੱਪੜੇ ਜੋ ਕਦੀ ਨਹੀਂ ਸੀ ਵਰਤਦਾ, ਕਢਵਾਕੇ ਪਾਉਂਦਾ ਅਤੇ ਇਉਂ ਬਣ-ਫਬਕੇ ਮਿਲਣ ਵਾਲਿਆਂ ਕੋਲ ਜਾਂਦਾ। ਉਹ ਉਸ ਨੂੰ ਕੁਝ ਪੁਛਦੇ ਤਾਂ ਉਹ ਚੁਪ ਰਹਿੰਦਾ ਜਾਂ ਕਦੀ-ਕਦਾਈਂ '...ਔਪੜ ਦਿ ਗੜਗੜ ਦਿ ਅਨੈਕਸ ਦਿ ਬੇਧਿਆਨਾ ਦਿ ਮੂੰਗ ਦਿ ਦਾਲ ਆਫ ਦੀ ਲਾਲਟੈਨ...' ਕਹਿ ਦਿੰਦਾ।

ਉਹਦੀ ਇਕ ਕੁੜੀ ਵੀ ਸੀ ਜੋ ਹਰ ਮਹੀਨੇ ਇਕ-ਇਕ ਉਂਗਲ ਵਧਦੀ ਵਧਦੀ ਪੰਦਰਾਂ ਵਰ੍ਹਿਆਂ 'ਚ ਮੁਟਿਆਰ ਹੋ ਗਈ ਸੀ। ਬਿਸ਼ਨ ਸਿੰਘ ਉਹਨੂੰ ਪਛਾਣਦਾ ਵੀ ਨਹੀਂ ਸੀ—ਉਹ ਬੱਚੀ ਸੀ, ਉਦੋਂ ਵੀ ਆਪਣੇ ਆਪ ਨੂੰ ਦੇਖ ਕੇ ਰੋਂਦੀ ਸੀ, ਮੁਟਿਆਰ ਹੋਈ ਤਦ ਵੀ ਉਹਦੀਆਂ ਅੱਖਾਂ 'ਚੋਂ ਹੰਝੂ ਵਹਿੰਦੇ ਰਹਿੰਦੇ ਸਨ।

ਪਾਕਿਸਤਾਨ ਤੇ ਹਿੰਦੁਸਤਾਨ ਦਾ ਕਿੱਸਾ ਸ਼ੁਰੂ ਹੋਇਆ ਤਾਂ ਉਹਨੇ ਦੂਜੇ ਪਾਗਲਾਂ ਤੋਂ ਪੁਛਣਾ ਸ਼ੁਰੂ ਕਰ ਦਿਤਾ ਕਿ 'ਟੋਭਾ ਟੇਕ ਸਿੰਘ ਕਿਥੇ ਹੈ?' ਜਦੋਂ ਉਸ ਨੂੰ ਕਿਤੋਂ ਵੀ ਤਸੱਲੀਬਖਸ਼ ਜਵਾਬ ਨਾ ਮਿਲਿਆ ਤਾਂ ਉਸ



Sri Satguru Jagjit Singh Ji eLibrary NamdhariElibrary@gmail.com

ਦੀ ਚੋਹ ਦਿਨ-ਬਦਿਨ ਵਧਦੀ ਗਈ। ਹੁਣ ਕੋਈ ਮੁਲਾਕਾਤ ਨੂੰ ਵੀ ਨਹੀਂ ਸੀ ਆਉਂਦਾ। ਪਹਿਲਾਂ ਤਾਂ ਉਸ ਨੂੰ ਆਪਣੇ ਆਪ ਪਤਾ ਲਗ ਜਾਂਦਾ ਸੀ ਕਿ ਮਿਲਣ ਵਾਲੇ ਮੁਲਾਕਾਤੀ ਆ ਰਹੇ ਨੇ, ਪਰ ਹੁਣ ਤੇ ਜਿਵੇਂ ਉਹਦੇ ਦਿਲ ਦੀ ਆਵਾਜ਼ ਵੀ ਬੰਦ ਹੋ ਗਈ ਸੀ, ਜੋ ਉਹਨੂੰ ਉਨ੍ਹਾਂ ਦੇ ਆਉਣ ਦੀ ਖਬਰ ਦਿੰਦੀ ਸੀ— ਉਹਦੀ ਬੜੀ ਰੀਝ ਸੀ ਕਿ ਉਹ ਲੋਕ ਫੇਰ ਆਉਣ ਜੋ ਉਹਦੇ ਨਾਲ ਹਮਦਰਦੀ ਕਰਦੇ ਸਨ ਤੇ ਉਹਦੇ ਲਈ ਫਲ, ਮਿਠਾਈਆਂ ਤੇ ਕੱਪੜੇ ਲੈ ਕੇ ਆਉਂਦੇ ਸਨ। ਜਦੋਂ ਉਹ ਆਉਣ ਤਾਂ ਉਹ ਉਹਨਾਂ ਨੂੰ ਪੁੱਛੇ ਕਿ, 'ਟੋਭਾ ਟੇਕ ਸਿੰਘ ਕਿੱਥੇ ਹੈ? ਉਹ ਉਹਨੂੰ ਪੱਕੇ ਤੌਰ ਤੇ ਦੱਸ ਦੇਣਗੇ ਕਿ ਟੋਭਾ ਟੇਕ ਸਿੰਘ ਪਾਕਿਸਤਾਨ ਵਿਚ ਹੈ ਜਾਂ ਹਿਦੁਸਤਾਨ 'ਚ। ਉਹਦਾ ਖਿਆਲ ਸੀ ਕਿ ਉਹ ਟੋਭਾ ਟੇਕ ਸਿੰਘ ਤੋਂ ਹੀ ਆਉਂਦੇ ਸਨ ਜਿੱਥੇ ਉਹਦੀਆਂ ਪੈਲੀਆਂ ਨੇ।'

ਪਾਗਲਖਾਨੇ ਵਿਚ ਇਕ ਪਾਗਲ ਅਜਿਹਾ ਵੀ ਸੀ ਜੋ ਆਪਣੇ-ਆਪ ਨੂੰ 'ਖ਼ੁਦਾ' ਕਹਿੰਦਾ ਸੀ। ਬਿਸ਼ਨ ਸਿੰਘ ਨੇ ਜਦੋਂ ਇਕ ਦਿਨ ਉਸ ਤੋਂ ਪੁੱਛਿਆ ਕਿ, 'ਟੋਭਾ ਟੇਕ ਸਿੰਘ ਪਾਕਿਸਤਾਨ ਵਿਚ ਹੈ ਜਾਂ ਹਿੰਦੁਸਤਾਨ ਵਿਚ', ਤਾਂ ਉਹਨੇ ਆਪਣੀ ਆਦਤ ਅਨੁਸਾਰ ਠਹਾਕਾ ਮਾਰਿਆ ਅਤੇ ਕਿਹਾ, "ਉਹ ਨਾ ਪਾਕਿਸਤਾਨ ਵਿਚ ਹੈ ਨਾ ਹਿੰਦੁਸਤਾਨ ਵਿਚ, ਕਿਉਂ ਜੋ ਅਸੀਂ ਅਜੇ ਤੱਕ ਹੁਕਮ ਹੀ ਨਹੀਂ ਦਿੱਤਾ..।"

ਬਿਸ਼ਨ ਸਿੰਘ ਨੇ ਕਈ ਵਾਰੀ ਉਸ ਨੂੰ ਬੜੀ ਮਿੰਨਤ ਅਤੇ ਆਜਜ਼ੀ ਨਾਲ ਕਿਹਾ ਕਿ ਉਹ ਹੁਕਮ ਦੇ ਦੇਵੇ ਤਾਂ ਕਿ ਝੰਝਟ ਮੁੱਕੇ। ਪਰ ਖ਼ੁਦਾ ਬਹੁਤ ਰੁੱਝਿਆ ਹੋਇਆ ਸੀ ਕਿਉਂਕਿ ਉਸ ਨੇ ਹਾਲੇ ਹੋਰ ਬਥੇਰੇ ਹੁਕਮ ਦੇਣੇ ਸਨ।

ਇਕ ਦਿਨ ਦੁਖੀ ਹੋ ਕੇ ਬਿਸ਼ਨ ਸਿੰਘ ਖ਼ੁਦਾ ਨੂੰ ਟੁੱਟ ਕੇ ਪਿਆ, "ਔਪੜ ਦਿ ਗੜ-ਗੜ ਦਿ ਬੇਧਿਆਨਾਂ ਦਿ ਮੁੰਗ ਦਿ ਦਾਲ ਆਫ਼ ਵਾਹਿਗੁਰੂ ਜੀ ਦਾ ਖਾਲਸਾ ਐਂਡ ਵਾਹਿਗੁਰੂ ਜੀ ਕੀ ਫਤਿਹ...।" ਇਸ ਦਾ ਸ਼ਾਇਦ ਮਤਲਬ ਸੀ ਕਿ ਤੂੰ ਮੁਸਲਮਾਨਾਂ ਦਾ ਖ਼ੁਦਾ ਏਂ, ਸਿੱਖਾਂ ਦਾ ਖ਼ੁਦਾ ਹੁੰਦਾ ਤਾਂ ਜ਼ਰੂਰ ਮੇਰੀ ਸੁਣਦਾ।

ਤਬਾਦਲੇ ਤੋਂ ਕੁਝ ਦਿਨ ਪਹਿਲਾਂ ਟੋਭਾ ਟੇਕ ਸਿੰਘ ਦਾ ਇਕ ਮੁਸਲਮਾਨ ਜੋ ਬਿਸ਼ਨ ਸਿੰਘ ਦਾ ਮਿੱਤਰ ਸੀ, ਮੁਲਾਕਾਤ ਲਈ ਆਇਆ। ਮੁਸਲਮਾਨ ਮਿੱਤਰ ਪਹਿਲਾਂ ਕਦੇ ਨਹੀਂ ਸੀ ਆਇਆ। ਜਦੋਂ ਬਿਸ਼ਨ ਸਿੰਘ ਨੇ ਉਹਨੂੰ ਵੇਖਿਆ ਤਾਂ ਪਿੱਛੇ ਹਟ ਗਿਆ, ਫੇਰ ਵਾਪਸ ਜਾਣ ਲੱਗਾ ਤਾਂ ਸਿਪਾਹੀਆਂ ਨੇ ਉਹਨੂੰ ਰੋਕਿਆ।

"ਇਹ ਤੈਨੂੰ ਮਿਲਣ ਆਇਐ..ਤੇਰਾ ਮਿੱਤਰ ਫ਼ਜ਼ਲ ਦੀਨ ਐ...!"

ਬਿਸ਼ਨ ਸਿੰਘ ਨੇ ਫ਼ਜ਼ਲ ਦੀਨ ਨੂੰ ਇਕ ਨਜ਼ਰ ਤੱਕਿਆ ਅਤੇ ਕੁਝ ਬੁੜ-ਬੁੜਾਉਣ ਲੱਗਾ। ਫ਼ਜ਼ਲ ਦੀਨ ਨੇ ਅੱਗੇ ਵੱਧ ਕੇ ਉਹਦੇ ਮੋਢਿਆਂ 'ਤੇ ਹੱਥ ਰੱਖਦਿਆਂ ਆਖਿਆ "ਮੈਂ ਕਈ ਦਿਨਾਂ ਤੋਂ ਸੋਚ ਰਿਹਾ ਸੀ ਕਿ ਤੈਨੂੰ ਮਿਲਾਂ ਪਰ ਵਿਹਲ ਹੀ ਨਾ ਮਿਲੀ...। ਤੇਰੇ ਸਭ ਆਦਮੀ ਖੈਰੀਅਤ ਨਾਲ ਹਿੰਦੁਸਤਾਨ ਚਲੇ ਗਏ ਸਨ...ਮੈਥੋਂ ਜਿੰਨੀ ਮੱਦਦ ਹੋ ਸਕੀ ਮੈਂ ਕੀਤੀ...ਤੇਰੀ ਧੀ ਰੂਪ ਕੌਰ...!" ਉਹ ਬੋਲਦਿਆਂ-ਬੋਲਦਿਆਂ ਰੁਕ ਗਿਆ।

ਬਿਸ਼ਨ ਸਿੰਘ ਕੁੱਝ ਯਾਦ ਕਰਨ ਲੱਗਿਆ, "ਧੀ ਰੂਪ ਕੌਰ..!!"

ਫ਼ਜ਼ਲ ਦੀਨ ਨੇ ਰੁਕ ਕੇ ਕਿਹਾ, "ਹਾਂ!..ਉਹ ...ਉਹ ਵੀ ਠੀਕ-ਠਾਕ ਐ...ਉਹਨਾਂ ਨਾਲ ਹੀ ਚਲੀ ਗਈ ਸੀ...!"

ਬਿਸ਼ਨ ਸਿੰਘ ਚੁੱਪ ਰਿਹਾ।

ਫ਼ਜ਼ਲ ਦੀਨ ਨੇ ਫ਼ੇਰ ਕਹਿਣਾ ਸ਼ੁਰੂ ਕੀਤਾ, "ਉਹਨਾਂ ਨੇ ਮੈਨੂੰ ਕਿਹਾ ਸੀ ਕਿ ਤੇਰੀ ਖੈਰ-ਖੈਰੀਅਤ ਪੁੱਛਦਾ ਰਵ੍ਹਾਂ... ਹੁਣ ਮੈਂ ਸੁਣਿਐ ਤੂੰ ਹਿੰਦੁਸਤਾਨ ਜਾ ਰਿਹੈਂ...ਭਾਈ ਬਲਬੀਰ ਸਿੰਘ ਤੇ ਭਾਈ ਵਧਾਵਾ ਸਿੰਘ ਨੂੰ ਮੇਰਾ ਸਲਾਮ ਕਹਿਣਾ ਅਤੇ ਭੈਣ ਅੰਮ੍ਰਿਤ ਕੌਰ ਨੂੰ ਵੀ...ਭਾਈ ਬਲਬੀਰ ਸਿੰਘ ਨੂੰ ਦੱਸੀਂ ਕਿ ਫ਼ਜ਼ਲ ਦੀਨ ਰਾਜ਼ੀ-ਖੁਸ਼ੀ ਐ..ਦੋ ਬੂਰੀਆਂ ਮੱਝਾਂ ਜੋ ਉਹ ਛੱਡ ਗਏ ਸਨ ਉਹਨਾਂ 'ਚੋਂ ਇਕ ਨੇ ਕੱਟਾ ਦਿੱਤੈ...। ਦੂਜੀ ਦੇ ਕੱਟੀ ਹੋਈ ਸੀ ਪਰ ਉਹ ਛੇ ਦਿਨਾਂ ਦੀ ਹੋ ਕੇ ਮਰ ਗਈ...ਹੋਰ ਮੇਰੇ ਲਾਇਕ ਜੋ ਖ਼ਿਦਮਤ ਹੋਵੇ, ਕਹੀਂ, ਮੈਂ ਹਰ ਵਕਤ ਤਿਆਰ ਆਂ...ਅਹਿ ਤੇਰੇ ਲਈ ਥੋੜੇ ਜਿਹੇ ਮਰੂੰਡੇ ਲਿਆਂਦਿਆਂ...!"

ਬਿਸ਼ਨ ਸਿੰਘ ਨੇ ਮਰੂੰਡਿਆਂ ਦੀ ਪੋਟਲੀ ਲੈ ਕੇ ਕੋਲ ਖੜੇ ਸਿਪਾਹੀ ਦੇ ਹਵਾਲੇ ਕਰ ਦਿੱਤੀ ਤੇ ਫ਼ਜ਼ਲ ਦੀਨ ਨੂੰ ਪੁੱਛਿਆ, "ਟੋਭਾ ਟੇਕ ਸਿੰਘ ਕਿੱਥੇ ਐ...?"

ਫ਼ਜ਼ਲ ਦੀਨ ਨੇ ਥੋੜਾ ਹੈਰਾਨ ਹੁੰਦਿਆਂ ਕਿਹਾ, "ਕਿੱਥੇ ਐ..? ਉਥੇ ਈ ਐ ਜਿੱਥੇ ਸੀ.." ਬਿਸ਼ਨ ਸਿੰਘ ਨੇ ਫੇਰ ਪੁਛਿਆ, "ਪਾਕਿਸਤਾਨ ਵਿਚ ਏ ਜਾਂ ਹਿੰਦੁਸਤਾਨ ਵਿਚ...?" "ਹਿੰਦੁਸਤਾਨ ਵਿਚ...ਨਹੀਂ ਨਹੀਂ ਪਾਕਿਸਤਾਨ ਵਿਚ...!" ਫ਼ਜ਼ਲ ਦੀਨ ਬੌਂਦਲ ਜਿਹਾ



Sri Satguru Jagjit Singh Ji eLibrary NamdhariElibrary@gmail.com

ਗਿਆ। ਬਿਸ਼ਨ ਸਿੰਘ ਬੁੜ-ਬੁੜਾਉਂਦਾ ਹੋਇਆ ਚਲਾ ਗਿਆ, "ਔਪੜ ਦਿ ਗੜ-ਗੜ ਦਿ ਬੇਧਿਆਨਾਂ ਦਿ ਮੂੰਗ ਦਿ ਦਾਲ ਆਫ਼ ਦਿ ਪਾਕਿਸਤਾਨ ਐਂਡ ਹਿੰਦੁਸਤਾਨ ਆਫ਼ ਦੀ ਦੁਰ ਫਿੱਟੇ ਮੂੰਹ...!!"

ਤਬਾਦਲੇ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ। ਏਧਰੋਂ ਉਧਰ, ਓਧਰੋਂ ਏਧਰ ਆਉਣ ਵਾਲੇ ਪਾਗਲਾਂ ਦੀਆਂ ਸੂਚੀਆਂ ਪੁੱਜ ਚੁੱਕੀਆਂ ਸਨ ਅਤੇ ਤਬਾਦਲੇ ਦਾ ਦਿਨ ਵੀ ਨਿਸ਼ਚਿਤ ਹੋ ਗਿਆ।

ਕੜਾਕੇ ਦੀ ਠੰਢ ਸੀ—ਜਦੋਂ ਲਾਹੌਰ ਦੇ ਪਾਗਲਖਾਨੇ 'ਚੋਂ ਹਿੰਦੂ-ਸਿੱਖ ਪਾਗਲਾਂ ਨਾਲ ਭਰੀਆਂ ਹੋਈਆਂ ਲਾਰੀਆਂ ਪੁਲਿਸ ਦੇ ਹਿਫ਼ਾਜ਼ਤੀ ਦਸਤੇ ਨਾਲ ਰਵਾਨਾ ਹੋਈਆਂ। ਸਬੰਧਤ ਅਫ਼ਸਰ ਵੀ ਨਾਲ ਸਨ—ਵਾਹਗਾ ਦੇ ਬਾਰਡਰ ਉੱਤੇ ਦੋਨਾਂ ਪਾਸਿਆਂ ਦੇ ਸੁਪਰਡੈਂਟ ਇਕ-ਦੂਜੇ ਨੂੰ ਮਿਲੇ ਅਤੇ ਮੁੱਢਲੀ ਕਾਰਵਾਈ ਮੁੱਕਣ ਮਗਰੋਂ ਤਬਾਦਲਾ ਸ਼ੁਰੂ ਹੋ ਗਿਆ, ਜੋ ਰਾਤ-ਭਰ ਜਾਰੀ ਰਿਹਾ।

ਪਾਗਲਾਂ ਨੂੰ ਲਾਰੀਆਂ 'ਚੋਂ ਕੱਢਣਾ ਤੇ ਉਹਨਾਂ ਨੂੰ ਦੂਜੇ ਅਫ਼ਸਰਾਂ ਦੇ ਹਵਾਲੇ ਕਰਨਾ ਬੜਾ ਔਖਾ ਕੰਮ ਸੀ।... ਕਈ ਤਾਂ ਬਾਹਰ ਨਿਕਲਦੇ ਹੀ ਨਹੀਂ ਸਨ, ਜੋ ਨਿਕਲਣ ਲਈ ਰਜ਼ਾਮੰਦ ਹੋ ਵੀ ਜਾਂਦੇ ਸਨ ਉਹਨਾਂ ਨੂੰ ਸੰਭਾਲਣਾ ਮੁਸ਼ਕਲ ਹੋ ਜਾਂਦਾ ਸੀ ਕਿਉਂਕਿ ਉਹ ਏਧਰ-ਓਧਰ ਭੱਜ ਉੱਠਦੇ ਸਨ!...ਜੋ ਨੰਗੇ ਸਨ ਜਦੋਂ ਉਹਨਾਂ ਨੂੰ ਕੱਪੜੇ ਪੁਆਏ ਜਾਂਦੇ ਉਦੋਂ ਹੀ ਉਹ ਉਨ੍ਹਾਂ ਨੂੰ ਪਾੜ ਕੇ ਅਪਣੇ ਬਦਨ ਤੋਂ ਲਾਹ ਸੁੱਟਦੇ—ਕੋਈ ਗਾ ਰਿਹਾ ਹੈ...ਕੁਝ ਆਪਸ ਵਿਚ ਝਗੜ ਰਹੇ ਨੇ...ਕੁਝ ਰੋ ਰਹੇ ਨੇ...ਵਿਲਕ ਰਹੇ ਨੇ—ਕੰਨ ਪਈ ਆਵਾਜ਼ ਸੁਣਾਈ ਨਹੀਂ ਸੀ ਦਿੰਦੀ—ਪਾਗਲ ਔਰਤਾਂ ਦਾ ਸ਼ੋਰ-ਸ਼ਰਾਬਾ ਅਲੱਗ ਸੀ ਅਤੇ ਠੰਢ ਏਨੀ ਜ਼ਿਆਦਾ ਸੀ ਕਿ ਦੰਦੋੜਿੱਕੇ ਵੱਜ ਰਹੇ ਸਨ।

ਪਾਗਲਾਂ ਦੀ ਬਹੁ-ਗਿਣਤੀ ਏਸ ਬਟਵਾਰੇ ਦੇ ਹੱਕ ਵਿਚ ਨਹੀਂ ਸੀ, ਏਸ ਵਾਸਤੇ ਕਿ '...ਉਹਨਾਂ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਉਹਨਾਂ ਨੂੰ ਆਪਣੀ ਜਗ੍ਹਾ ਤੋਂ ਪੁੱਟ ਕੇ ਕਿੱਥੇ ਸੁੱਟਿਆ ਜਾ ਰਿਹਾ ਏ?' ਉਹਨਾਂ ਵਿਚੋਂ ਥੋੜੇ ਜਿਹੇ, ਜੋ ਕੁਝ ਸੋਚ-ਸਮਝ ਸਕਦੇ ਸਨ, "ਪਾਕਿਸਤਾਨ ਜ਼ਿੰਦਾਬਾਦ", "ਪਾਕਿਸਤਾਨ ਮੁਰਦਾਬਾਦ" ਦੇ ਨਾਅਰੇ ਲਾ ਰਹੇ ਸਨ ਦੋ-ਤਿੰਨ ਵਾਰ ਫ਼ਸਾਦ ਹੁੰਦਾ-ਹੁੰਦਾ ਬਚਿਆ, ਕਿਉਂਕਿ ਕਈ ਮੁਸਲਮਾਨਾਂ ਤੇ ਸਿੱਖਾਂ ਨੂੰ ਇਹ ਸੁਣ ਕੇ ਤੈਸ਼ ਆ ਗਿਆ ਸੀ।

ਜਦ ਬਿਸ਼ਨ ਸਿੰਘ ਦੀ ਵਾਰੀ ਆਈ ਤਾਂ ਵਾਹਗਾ ਦੇ ਉਸ ਪਾਰ ਦਾ ਅਫ਼ਸਰ ਉਹਦਾ ਨਾਂ ਰਜਿਸਟਰ ਵਿਚ ਦਰਜ ਕਰਨ ਲੱਗਾ ਤੇ ਉਸ ਨੇ ਪੁੱਛਿਆ, "ਟੋਬਾ ਟੇਕ ਸਿੰਘ ਕਿੱਥੇ ਐ? ਪਾਕਿਸਤਾਨ ਜਾਂ ਹਿੰਦੁਸਤਾਨ ਵਿਚ!" ਸਬੰਧਤ ਅਫ਼ਸਰ ਹੱਸਿਆ, "ਪਾਕਿਸਤਾਨ ਵਿਚ!"

ਇਹ ਸੁਣ ਕੇ ਬਿਸ਼ਨ ਸਿੰਘ ਉੱਛਲ ਕੇ ਇਕ ਪਾਸੇ ਹਟਿਆ ਅਤੇ ਦੌੜ ਕੇ ਆਪਣੇ ਬਾਕੀ ਸਾਥੀਆਂ ਕੋਲ ਪੁੱਜ ਗਿਆ।

ਪਾਕਿਸਤਾਨੀ ਸਿਪਾਹੀਆਂ ਨੇ ਉਹਨੂੰ ਫੜ ਲਿਆ ਅਤੇ ਦੂਜੇ ਪਾਸੇ ਲਿਜਾਣ ਲੱਗੇ ਪਰ ਉਹਨੇ ਜਾਣ ਤੋਂ ਇਨਕਾਰ ਕਰ ਦਿੱਤਾ, "ਟੋਬਾ ਟੇਕ ਸਿੰਘ ਏਥੇ ਐ...!" ਅਤੇ ਜ਼ੋਰ-ਜ਼ੋਰ ਨਾਲ ਚਿਲਾਉਣ ਲੱਗਿਆ, "ਔਪੜ ਦਿ ਗੜ-ਗੜ ਦਿ ਅਨੈਕਸ ਦਿ ਬੇਧਿਆਨਾਂ ਦਿ ਮੂੰਗ ਦੀ ਦਾਲ ਆਫ਼ ਦੀ ਟੋਬਾ ਟੇਕ ਸਿੰਘ ਐਂਡ ਪਾਕਿਸਤਾਨ...!"

ਉਹਨੂੰ ਬਹੁਤ ਸਮਝਾਇਆ ਗਿਆ ਕਿ ਹੁਣ ਟੋਬਾ ਟੇਕ ਸਿੰਘ ਹਿੰਦੁਸਤਾਨ ਵਿਚ ਚਲਿਆ ਗਿਆ ਹੈ...ਜੇ ਨਹੀਂ ਗਿਆ ਤਾਂ ਉਹਨੂੰ ਤੁਰੰਤ ਓਥੇ ਭੇਜ ਦਿੱਤਾ ਜਾਵੇਗਾ, ਪਰ ਉਹ ਨਾ ਮੰਨਿਆ। ਜਦੋਂ ਉਹਨੂੰ ਜ਼ਬਰਦਸਤੀ ਦੂਜੇ ਪਾਸੇ ਲਿਜਾਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹ ਵਿਚਕਾਰ ਇਕ ਥਾਂ ਇਸ ਢੰਗ ਨਾਲ ਆਪਣੀਆਂ ਸੁਜੀਆਂ ਹੋਈਆਂ ਟੰਗਾਂ ਉੱਤੇ ਖੜ੍ਹਾ ਹੋ ਗਿਆ ਜਿਵੇਂ ਹੁਣ ਉਹਨੂੰ ਕੋਈ ਤਾਕਤ ਨਹੀਂ ਹਿਲਾ ਸਕੇਗੀ ..ਆਦਮੀ ਕਿਉਂਕਿ ਨਿੱਡਰ ਸੀ ਇਸ ਲਈ ਉਹਦੇ ਨਾਲ ਜ਼ਿਆਦਾ ਜ਼ਬਰਦਸਤੀ ਨਾ ਕੀਤੀ ਗਈ, ਉਹਨੂੰ ਉੱਥੇ ਈ ਖੜ੍ਹਾ ਰਹਿਣ ਦਿੱਤਾ ਗਿਆ ਅਤੇ ਤਬਾਦਲੇ ਦਾ ਬਾਕੀ ਕੰਮ ਹੁੰਦਾ ਰਿਹਾ।

ਸੂਰ ਨਿਕਲਣ ਤੋਂ ਪਹਿਲਾਂ ਚੁਪ-ਚੁਪੀਤੇ ਬਿਸ਼ਨ ਸਿੰਘ ਦੇ ਸੰਘ ਵਿਚੋਂ ਅਸਮਾਨ ਨੂੰ ਚੀਰਦੀ ਹੋਈ ਇੱਕ ਚੀਕ ਨਿਕਲੀ।

ਏਧਰੋਂ-ਓਧਰੋਂ ਕਈ ਅਫ਼ਸਰ ਭੱਜੇ ਆਏ ਅਤੇ ਉਨ੍ਹਾਂ ਨੇ ਦੇਖਿਆ ਕਿ '...ਉਹ ਆਦਮੀ! ਜੋ ਪੰਦਰਾਂ ਵਰ੍ਹਿਆਂ ਤੱਕ ਦਿਨ-ਰਾਤ ਆਪਣੀਆਂ ਟੰਗਾਂ 'ਤੇ ਖੜ੍ਹਾ ਰਿਹਾ ਸੀ, ਮੂਧੇ-ਮੂੰਹ ਪਿਆ ਹੈ।

ਓਧਰ ਕੰਡਿਆਲੀਆਂ ਤਾਰਾਂ ਦੇ ਪਿੱਛੇ ਹਿੰਦੁਸਤਾਨ ਸੀ, ਏਧਰ ਪਾਕਿਸਤਾਨ, ਵਿਚਕਾਰ ਜ਼ਮੀਨ ਦੇ ਉਸ ਟੁੱਕੜੇ 'ਤੇ...ਜਿਸਦਾ ਕੋਈ ਨਾਂ ਨਹੀਂ ਸੀ,...'ਟੋਬਾ ਟੇਕ ਸਿੰਘ ਪਿਆ ਸੀ। (ਉਰਦੂ ਤੋਂ ਗੁਰਮੁਖੀ ਜਾਮਾ ਮੋਹਨ ਭੰਡਾਰੀ)



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**
ਬਗਵਾੜਾ ਗੇਟ, ਜਲੰਧਰ ਫੋਨ 59869

ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ
ਹਰ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੇਲ,
ਪੜਤਲ, ਚੀਲ੍ਹ ਆਦਿ ਵੇਚਣ ਵਾਲੇ

**ਦਲੀਪ ਸਿੰਘ ਪੂਰਨ ਸਿੰਘ ਸੱਗੂ**
(ਟਿੰਬਰ ਮਰਚੈਂਟਸ)
**Dalip Singh Puran Singh Saggu**
[TIMBER MERCHANTS]
ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ
Phone : 58795, 59056
Mobile Phone 9814028099

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੋਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**
ਅਕਹਿਰੀ ਪੁਲੀ, ਜਲੰਧਰ-੧੪੪੦੦੪.
ਫੋਨ 238784

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**
ਨਿਊ ਟਿੰਬਰ ਮਾਰਕੀਟ,
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ: 232990

**JANTA**
**HYDRAULIC PRESSES**



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੌਗਾਠਾਂ,
ਦਰਵਾਜ਼ੇ, ਖਿੜਕੀਆਂ, ਰੋਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

**ਹਜ਼ੂਰ ਸਿੰਘ ਐਂਡ ਸਨਜ਼**
(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਅਕਹਿਰੀ ਪੁਲੀ, ਜਲੰਧਰ ਸ਼ਹਿ
ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਜੀ ਲ



Sri Satguru Jagjit Singh Ji eLibrary NamdhariElibrary@gmail.com

# ਜਾਣੇ-ਅਣਜਾਣੇ ਸਫ਼ਰ

—ਸੁਪਨਦੀਪ ਸੰਧੂ

( ਕਿਸ਼ਤ ੨ )

ਮੇਰੇ ਮਾਤਾ ਪਿਤਾ ਮੇਰੇ ਇਸ ਕੰਮ ਉਤੇ ਖੁਸ਼ ਨਹੀਂ ਸਨ। ਉਨ੍ਹਾਂ ਨੂੰ ਲਗਦਾ ਸੀ ਕਿ ਮੈਂ ਅਜਿਹਾ ਕਰਕੇ ਆਪਣਾ ਸਮਾਂ ਬਰਬਾਦ ਕਰ ਰਿਹਾ ਸਾਂ ਅਤੇ ਆਪਣੀ ਪੜ੍ਹਾਈ ਵਲੋਂ ਅਵੇਸਲਾ ਹੋ ਰਿਹਾ ਸਾਂ। ਪਰ ਮੈਂ ਬਾਰ-ਬਾਰ ਜ਼ਿੱਦ ਕਰ ਰਿਹਾ ਸਾਂ ਕਿ ਮੇਰਾ ਕੰਮ ਬਣਦਾ ਹੈ ਤਾਂ ਤੁਸੀਂ ਮੈਨੂੰ ਅਮਰੀਕਾ ਗੇੜਾ ਮਾਰਨ ਤੋਂ ਕਿਉਂ ਰੋਕਦੇ ਹੋ। ਅਜੇ ਕੀ ਪਤਾ ਮੇਰਾ ਵੀਜ਼ਾ ਲੱਗਣਾ ਵੀ ਹੈ ਕਿ ਨਹੀਂ। ਹੋਰ ਤੇ ਹੋਰ ਪ੍ਰਮੋਟਰ ਨੇ ਇਹ ਵਿਸ਼ਵਾਸ ਦਿਵਾਇਆ ਹੋਇਆ ਸੀ ਕਿ ਮੇਰੇ ਇੰਨੇ ਕੀਤੇ ਕੰਮ ਦੇ ਬਦਲੇ ਉਹ ਮੇਰੇ ਦਿੱਲੀ ਜਾਣ ਆਉਣ ਅਤੇ ਉਥੇ ਰਹਿਣ ਦਾ ਖਰਚਾ 'ਕਬੂਤਰਾਂ, ਦੇ ਖਰਚੇ ਵਿਚ ਹੀ ਐਡਜਸਟ ਕਰ ਲਵੇਗਾ। ਮੈਨੂੰ ਸਿਰਫ਼ ਵੀਜ਼ਾ ਫੀਸ ਹੀ ਦੇਣੀ ਪੈਣੀ ਸੀ। ਇਸ ਭਾਅ ਦਿੱਲੀ ਦਾ ਗੇੜਾ ਮਾਰਨਾ ਕੋਈ ਮਹਿੰਗਾ ਨਹੀਂ ਸੀ। ੨੫ ਮਈ ਰਾਤ ਨੂੰ ਅਸੀਂ ਦਿੱਲੀ ਜਾਣ ਵਾਲੀ ਬੱਸ ਵਿਚ ਬੈਠ ਗਏ।

ਅਗਲੀ ਸਵੇਰ ੫ ਵਜੇ ਅਸੀਂ ਦਿੱਲੀ ਪਹੁੰਚੇ। ਅਸੀਂ ਹੋਟਲ ਵਿਚ ਜਾ ਕੇ ਠਹਿਰੇ। ਸਾਡੇ ਗਰੁੱਪ ਦਾ ਕੇਸ ਅੰਬੈਸੀ ਵਿਚ ਪੇਸ਼ ਕਰਨ ਵਾਸਤੇ ਪ੍ਰਮੋਟਰ ਨੇ ਸਦਾ ਵਾਂਗ ਅਮਰੀਕਾ ਤੋਂ ਵਕੀਲ ਮੰਗਵਾਈ ਹੋਈ ਸੀ। ਉਹ ਵਕੀਲ ਹੋਟਲ ਵਿਚ ਆਈ ਅਤੇ ਸਾਡੀਆਂ ਸਾਰਿਆਂ ਦੀਆਂ ਫ਼ਾਈਲਾਂ ਵੇਖੀਆਂ ਅਤੇ ਸਾਡੀ ਫਰਜ਼ੀ ਇੰਟਰਵਿਊ ਲੈ ਕੇ ਸਾਡੀ ਤਿਆਰੀ ਕਰਵਾਈ। ਮੈਂ ਇਸ ਗਰੁੱਪ ਵਿਚ ਸਟੇਜ ਅਨਾਊਂਸਰ ਦੇ ਤੌਰ 'ਤੇ ਜਾ ਰਿਹਾ ਸਾਂ। ਜਦੋਂ ਮੈਂ ਉਸ ਨੂੰ ਆਪਣੇ ਆਰਟੀਕਲਾਂ ਵਾਲੀਆਂ ਸੱਤ-ਅੱਠ ਫਾਈਲਾਂ ਵਿਖਾਈਆਂ ਤਾਂ ਉਸ ਨੇ ਕਿਹਾ "ਸਾਰੀਆਂ ਫਾਈਲਾਂ ਲਿਜਾਣ ਦਾ ਕੋਈ ਫ਼ਾਇਦਾ ਨਹੀਂ, ਤੇ ਇਨ੍ਹਾਂ ਵਿਚੋਂ ਇਕ ਜਾਂ ਦੋ ਹੀ ਫਾਈਲਾਂ ਨਾਲ ਲੈ ਕੇ ਜਾਈਂ।" ਮੈਨੂੰ ਉਸ ਦੀ ਇਹ ਰਾਇ ਚੰਗੀ ਨਾ ਲੱਗੀ। ਕਿਉਂਕਿ ਮੈਂ ਤਾਂ ਇਨ੍ਹਾਂ ਫ਼ਾਈਲਾਂ ਦੇ ਸਿਰ 'ਤੇ ਹੀ ਆਕੜਿਆ ਫਿਰਦਾ ਸਾਂ। ਇਸੇ ਵਕਤ ਦੂਰਦਰਸ਼ਨ ਤੇ ਰੇਡੀਓ ਕਲਾਕਾਰ ਨੇ ਉਸ ਨੂੰ ਦਸਿਆ "ਇਸ ਦੇ ਡੈਡੀ ਪੰਜਾਬੀ ਦੇ ਬਹੁਤ ਵਧੀਆ ਕਹਾਣੀਕਾਰ ਹਨ ਅਤੇ ਉਹ ਪਿਛਲੇ ਸਾਲ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਜਾ ਕੇ ਆਏ ਹਨ।" ਵਕੀਲ ਨੇ ਇਹ ਗੱਲਾਂ ਆਪਣੇ ਕਾਗ਼ਜ਼ ਉੱਤੇ ਨੋਟ ਕਰ ਲਈਆਂ।

ਵਿਹਲਾ ਹੋ ਕੇ ਮੈਂ ਆਪਣੀਆਂ ਫਾਈਲਾਂ ਚੁੱਕੀਆਂ ਤੇ ਆਪਣੇ ਕਮਰੇ ਵਿਚ ਚਲਾ ਗਿਆ। ਰਾਤ ਦਾ ਬਹੁਤ ਜ਼ਿਆਦਾ ਥਕੇਵਾਂ ਹੋਣ ਕਰਕੇ ਕੂਲਰ ਸਾਹਮਣੇ ਲੇਟਿਆ ਹੀ ਮੈਨੂੰ ਗੂੜ੍ਹੀ ਨੀਂਦ ਆ ਗਈ। ਮੈਂ ਲਗਭਗ ਬੇਹੋਸ਼ੀ ਵਾਲੀ ਨੀਂਦ ਸੁੱਤਾ ਹੋਇਆ ਸਾਂ ਕਿ ਮੈਨੂੰ ਕਿਸੇ ਨੇ ਹਲੂਣ ਕੇ ਉਠਾਇਆ। ਇਹ ਪ੍ਰਮੋਟਰ ਦਾ ਛੋਟਾ ਭਰਾ ਸੀ। ਹੜਬੜਾ ਕੇ ਜਦੋਂ ਮੈਂ ਉਬੜਵਾਹੇ ਉਠਿਆ ਤਾਂ ਦੋ ਤਿੰਨ ਮਿੰਟ ਤਾਂ ਮੈਨੂੰ ਪਤਾ ਹੀ ਨਾ ਲੱਗਾ ਕਿ ਮੈਂ ਕਿੱਥੇ ਹਾਂ ਤੇ ਕੀ ਹੋ ਰਿਹਾ ਸੀ। ਕੂਲਰ ਦੇ ਸਾਹਮਣੇ ਵੀ ਮੈਂ ਪੂਰੀ ਤਰ੍ਹਾਂ ਪਸੀਨੇ ਨਾਲ ਭਿੱਜਾ ਪਿਆ ਸੀ। ਉਸ ਨੇ ਮੈਨੂੰ ਆਖਿਆ ਕਿ ਆਪਾਂ ਵਕੀਲ ਨੂੰ ਉਸ ਦੇ ਰਿਸ਼ਤੇਦਾਰਾਂ ਦੇ ਘਰ ਛੱਡ ਕੇ ਵਕੀਲ ਦੇ ਗੁੜਗਾਉਂ ਵਾਲੇ ਘਰ ਜਾਣਾ ਹੈ ਅਤੇ ਉਥੋਂ ਉਸ ਦੇ ਕਾਗ਼ਜ਼ ਪੱਤਰ ਲੈ ਕੇ ਆਉਣੇ ਹਨ। ਮੇਰਾ ਜਾਣ ਨੂੰ ਮਨ ਤੇ ਨਹੀਂ ਸੀ ਕਰਦਾ ਪਰ ਫਿਰ ਵੀ ਮੈਂ ਉਸ ਨਾਲ ਤੁਰ ਪਿਆ। ਪੂਰੇ ਜ਼ੋਰ ਦੀ ਗਰਮੀ ਪੈ ਰਹੀ ਸੀ ਤੇ ਕਾਰ ਭੱਠ ਵਾਂਗ ਤਪੀ ਪਈ ਸੀ। ਲੋਅ ਅੱਗ ਵਾਂਗ ਵਰ੍ਹ ਰਹੀ ਸੀ। ਤਿੰਨ ਚਾਰ ਘੰਟੇ ਬਾਅਦ ਜਦੋਂ ਅਸੀਂ ਵਾਪਸ ਮੁੜੇ ਤਾਂ ਮੇਰਾ ਗਰਮੀ ਨਾਲ ਬੁਰਾ ਹਾਲ ਸੀ ਮੇਰੀਆਂ ਅੱਖਾਂ ਲਾਲ ਸੁਰਖ ਸਨ। ਮੈਂ ਸੋਚ ਰਿਹਾ ਸੀ ਜੇ ਮੈਂ ਘਰ ਦੇ ਕੰਮ ਜਾਣਾ ਹੁੰਦਾ ਤਾਂ ਸ਼ਾਇਦ ਇੰਨੀ ਗਰਮੀ ਵਿਚ ਕਦੀ ਵੀ ਨਾ ਜਾਂਦਾ। ਕੀ ਮੇਰੇ ਕੋਲੋਂ ਸਾਰਾ ਕੁਝ ਬਾਹਰ ਜਾਣ ਦੀ ਲਾਲਸਾ ਕਰਵਾ ਰਹੀ ਸੀ? ਕੀ ਮੈਂ ਪ੍ਰਮੋਟਰ ਦੇ ਹੁਕਮਾਂ ਦਾ ਗੁਲਾਮ ਤਾਂ ਨਹੀਂ ਸੀ ਬਣ ਗਿਆ?

ਹੋਟਲ ਵਿਚ ਵਾਪਸ ਪੁੱਜੇ ਤਾਂ ਪ੍ਰਮੋਟਰ ਅਤੇ ਦੂਰਦਰਸ਼ਨ ਵਾਲਾ ਕਲਾਕਾਰ ਦੂਜਿਆਂ ਦੇ ਪਾਸਪੋਰਟ ਫ਼ਾਰਮ ਭਰ ਰਹੇ ਸਨ। ਅਸੀਂ ਦੋਵੇਂ ਕਮਰੇ ਵਿਚ ਥਕਾਵਟ ਨਾਲ ਆ ਕੇ ਢੇਰੀ ਹੋ ਗਏ। ਪ੍ਰਮੋਟਰ ਨੇ ਆਪਣੇ ਭਰਾ ਤੇ ਦੂਜਿਆਂ ਦੇ ਫ਼ਾਰਮ ਤਾਂ ਭਰ ਲਏ ਪਰ ਮੇਰਾ ਫ਼ਾਰਮ ਮੈਨੂੰ ਖੁਦ ਭਰਨ ਲਈ ਫੜਾ ਦਿੱਤਾ। ਮੈਂ ਕਿਹਾ ਕਿ ਮੇਰਾ ਫਾਰਮ ਵੀ ਭਰ ਦਿਉ ਤਾਂ ਉਸ ਨੇ ਮੈਨੂੰ ਖੁਦ ਹੀ ਫ਼ਾਰਮ ਭਰਨ ਲਈ ਕਿਹਾ। ਮੈਨੂੰ ਉਸ ਦਾ ਇਹ ਵਿਤਕਰਾ ਚੰਗਾ ਨਾ ਲੱਗਾ। ਫ਼ਾਰਮ ਭਰਨ ਤੋਂ ਪਿਛੋਂ ਮੈਂ ਥੱਲੇ ਜਾ ਕੇ ਕੁਝ ਖਾਧਾ ਪੀਤਾ ਕਿਉਂਕਿ ਮੈਨੂੰ ਖਾਣ-ਪੀਣ ਦੀ ਸੁਲ੍ਹਾ ਵੀ ਨਹੀਂ ਸੀ ਮਾਰੀ ਗਈ। ਮੈਂ ਕਮਰੇ ਵਿਚ ਆ ਕੇ ਨਹਾ ਕੇ ਲੇਟ ਗਿਆ। ਥੋੜ੍ਹੀ ਦੇਰ ਬਾਅਦ ਚਾਰ-ਪੰਜ ਮੁੰਡੇ ਮੇਰੇ ਕਮਰੇ ਵਿਚ ਆ ਗਏ। ਉਨ੍ਹਾਂ ਆ ਕੇ ਚੰਗੀ ਮਹਿਫਲ ਸਜਾਈ। ਕੋਈ ਚੁਟਕਲਾ ਸੁਣਾਂਦਾ



Sri Satguru Jagjit Singh Ji eLibrary NamdhariElibrary@gmail.com

ਸੀ ਤੇ ਕੋਈ ਗੀਤ । ਮੈਂ ਵੀ ਮਿਰਜ਼ੇ ਦੀ ਕਲੀ ਸੁਣਾਈ । ਮਾਹੌਲ ਖੁਸ਼ਗਵਾਰ ਹੋ ਗਿਆ ਸੀ । ਪਰ ਸ਼ਾਮ ਨੂੰ ਪ੍ਰਮੋਟਰ ਨੇ ਜਦੋਂ ਮੈਨੂੰ ਕਿਹਾ, "ਤੂੰ ਤੇ ਮੇਰੇ ਭਰਾ ਨੇ ਸਵੇਰੇ ਤੜਕੇ ਅੰਬੈਸੀ ਵਿਚ ਪਾਸਪੋਰਟ ਜਮਾ ਕਰਵਾ ਕੇ ਆਉਣੇ ਹਨ" ਤਾਂ ਮੈਂ ਥੋੜ੍ਹੇ ਗੁੱਸੇ ਨਾਲ ਆਖਿਆ ਕਿ ਉਹ ਕਿਸੇ ਹੋਰ ਮੁੰਡੇ ਨੂੰ ਭੇਜ ਦੇਵੇ, ਹਰ ਵਾਰ ਮੈਨੂੰ ਹੀ ਕਿਉਂ ਚੁਣਦਾ ਹੈ ।

ਪ੍ਰਮੋਟਰ ਨੇ ਅੰਦਰ ਹੀ ਅੰਦਰ ਇਸ ਗੱਲ ਦਾ ਵੱਟ ਤਾਂ ਖਾਧਾ ਪਰ ਚੁੱਪ ਰਿਹਾ । ਸਵੇਰੇ ੯ ਵਜੇ ਅਸੀਂ ਅਮਰੀਕਨ ਅੰਬੈਸੀ ਪਹੁੰਚ ਗਏ । ਅੰਬੈਸੀ ਅੱਗੇ ਬਹੁਤ ਭੀੜ ਸੀ । ਲੰਮੀਆਂ ਲਾਈਨਾਂ ਲੱਗੀਆਂ ਹੋਈਆਂ ਸਨ । ਪਰ ਸਾਡੇ ਗਰੁੱਪ ਨੂੰ ਪਹਿਲਾਂ ਟਾਈਮ ਮਿਲਿਆ ਹੋਇਆ ਸੀ । ਅਸੀਂ ਅੰਦਰ ਚਲੇ ਗਏ । ਪਹਿਲੇ ਹਾਲ ਵਿਚ ਸਾਨੂੰ ਬਿਠਾ ਕੇ ਪ੍ਰਮੋਟਰ ਦੂਰਦਰਸ਼ਨ ਵਾਲਾ ਕਲਾਕਾਰ ਤੇ ਇਕ ਗਾਇਕਾ ਅੰਦਰ ਚਲੇ ਗਏ । ਮੈਨੂੰ ਬਾਹਰ 'ਕਬੂਤਰਾਂ' ਨਾਲ ਹੀ ਬੈਠਣਾ ਪਿਆ । ਅੱਗੇ ਹਰ ਥਾਂ 'ਤੇ ਮੈਂ ਹੀ ਉਸ ਨਾਲ ਜਾਂਦਾ ਸਾਂ । ਪਰ ਹੁਣ ਉਹ ਮੈਨੂੰ ਘਟਾ ਕੇ ਵੇਖ ਰਿਹਾ ਲੱਗਦਾ ਸੀ । ਫੇਰ ਵੀ ਅਸੀਂ ਉਡੀਕ ਰਹੇ ਸੀ ਕਿ ਸਾਨੂੰ ਕਦੋਂ ਅੰਦਰ ਆਉਣ ਲਈ ਆਖਦੇ ਹਨ ।

ਥੋੜ੍ਹੇ ਚਿਰ ਬਾਅਦ ਪ੍ਰਮੋਟਰ ਆਪਣੀ ਵਕੀਲ ਨਾਲ ਬਾਹਰ ਆਇਆ ਤੇ ਸਾਨੂੰ ਆਖਿਆ, "ਚਲੋ ਵਾਪਸ ਚਲੀਏ ।"

ਅਸੀਂ ਹੈਰਾਨੀ ਨਾਲ ਉਸ ਵੱਲ ਵੇਖਿਆ ਤਾਂ ਉਸ ਨੇ ਦਸਿਆ, "ਅੱਜ ਇੰਟਰਵਿਉ ਨਹੀਂ ਹੋਵੇਗੀ । ਅੰਬੈਸੀ ਨੇ ਕੁਝ ਹੋਰ ਜ਼ਰੂਰੀ ਕਾਗਜ਼ ਮੰਗੇ ਹਨ । ਹੁਣ ਇਹ ਇੰਟਰਵਿਉ ਦੋ ਦਿਨ ਬਾਅਦ ਸੋਮਵਾਰ ਨੂੰ ਹੋਵੇਗੀ ।

ਅਸੀਂ ਸਾਰੇ ਮਾਯੂਸ ਹੋ ਕੇ ਹੋਟਲ ਵਾਪਸ ਪਰਤ ਆਏ । ਪ੍ਰਮੋਟਰ ਨੇ ਆਖਿਆ, 'ਹੁਣ ਤੁਸੀਂ ਸਾਰੇ ਮੁੰਡੇ ਵਾਪਸ ਜਲੰਧਰ ਚਲੇ ਜਾਉ ਅਤੇ ਪਰਸੋਂ ਆ ਜਾਇਓ ।'

ਉਸ ਦਾ ਇਹ ਸੁਝਾਅ ਸਭ ਨੂੰ ਬੜਾ ਅਜੀਬ ਤੇ ਹਾਸੋਹੀਣਾ ਲੱਗਾ । ਸਿਰਫ ਇਕ ਦਿਨ ਲਈ ਜਲੰਧਰ ਵਾਪਸ ਪਰਤ ਜਾਣਾ ਕਿਧਰ ਦੀ ਸਿਆਣਪ ਸੀ । ਮੁੰਡੇ ਆਪਸ ਵਿਚ ਘੁਸਰ-ਮੁਸਰ ਵੀ ਕਰਨ ਲੱਗੇ ਤੇ ਆਪਸ ਵਿਚ ਕਹਿਣ ਲੱਗੇ ਕਿ ਇਸ ਨੇ ਸਾਡੇ ਕੋਲੋਂ ਪੈਸੇ ਕਿਸ ਚੀਜ਼ ਦੇ ਲਏ ਹਨ ਜੇ ਇਹ ਦੋ ਦਿਨ ਸਾਡਾ ਹੋਟਲ ਦਾ ਖਰਚਾ ਨਹੀਂ ਕਰ ਸਕਦਾ । ਅੱਗੇ ਹੀ ਸਾਨੂੰ ਛੇ ਜਣਿਆਂ ਨੂੰ ਇਕ ਕਮਰੇ ਵਿਚ ਤਾੜਿਆ ਹੋਇਆ ਹੈ । ਉਨ੍ਹਾਂ ਉਸ ਨੂੰ ਕਿਹਾ, "ਅਸੀਂ ਜਲੰਧਰ ਵਾਪਸ ਨਹੀਂ ਜਾਣਾ । ਹੋਟਲ ਦਾ ਖਰਚਾ ਅਸੀਂ ਆਪੇ ਕਰ ਲਵਾਂਗੇ ।" ਹੁਣ ਪ੍ਰਮੋਟਰ ਸਿੱਧਾ ਮੈਨੂੰ ਮੁਖਾਤਿਬ ਹੋਇਆ, "ਤੂੰ ਹੁਣ ਕਿੱਦਾਂ ਕਰਨੀ ਹੈ ।"

ਮੈਨੂੰ ਇਹ ਸੁਣ ਕੇ ਬਹੁਤ ਗੁੱਸਾ ਆਇਆ । ਜਦ ਮੇਰੀ ਲੋੜ ਸੀ ਤਾਂ ਮੈਂ ਛੋਟਾ ਅਤੇ ਪਿਆਰਾ ਵੀਰ ਸਾਂ ਤੇ ਮੈਂ 'ਤੁਸੀਂ' ਅਤੇ 'ਸੁਪਨ ਜੀ' ਸਾਂ । ਪਰ ਹੁਣ ਜਦੋਂ ਉਸ ਦਾ ਆਪਣਾ ਵੇਲਾ ਆਇਆ ਸੀ ਤਾਂ ਮੈਂ ਤੁਸੀਂ ਤੋਂ ਤੂੰ ਹੋ ਗਿਆ ਸਾਂ ਤੇ ਕੀਤੇ ਵਾਅਦੇ ਮੁਤਾਬਿਕ ਉਹ ਹੁਣ ਮੇਰਾ ਖਰਚ ਕਰਨ ਤੋਂ ਵੀ ਭੱਜ ਰਿਹਾ ਸੀ । ਮੈਂ ਅਜੇ ਬੋਲਿਆ ਹੀ ਨਹੀਂ ਸਾਂ ਕਿ ਉਸ ਨੇ ਮੈਨੂੰ ਆਖਿਆ, "ਤੂੰ ਮੇਰੇ ਭਰਾ ਨਾਲ ਵਾਪਸ ਜਾ ਅਤੇ ਪਰਸੋਂ ਸ਼ਾਮ ਨੂੰ ਆ ਜਾਵੀਂ ।"

ਮੈਂ ਉਸ ਨੂੰ ਨਾਂਹ ਕਰ ਦਿੱਤੀ । ਮੈਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਉਹ ਮੇਰੇ ਉਤੇ ਆਪਣਾ ਹੁਕਮ ਚਲਾਉਂਦਾ ਹੈ ਤੇ ਮੈਨੂੰ ਆਪਣਾ ਗੁਲਾਮ ਸਮਝਦਾ ਹੈ । ਮੈਂ ਉਸ ਨੂੰ ਆਖਿਆ, "ਮੈਂ ਇਨ੍ਹਾਂ ਮੁੰਡਿਆਂ ਨਾਲ ਐਡਜਸਟ ਕਰ ਲਵਾਂਗਾ ।"

ਉਹ ਅੰਦਰ-ਅੰਦਰ ਮੇਰੇ 'ਤੇ ਬਹੁਤ ਔਖਾ ਹੋਇਆ ।

ਉਸ ਦੇ ਭਰਾ ਨੇ ਇੰਟਰਵਿਉ ਲਈ ਪੇਸ਼ ਹੋਣ ਵਾਸਤੇ ਉਸ ਦੀ ਪਤਨੀ ਨੂੰ ਲੈ ਕੇ ਆਉਣਾ ਸੀ । ਪਹਿਲਾਂ ਉਸ ਦਾ ਭਰਾ ਤੇ ਮੈਂ ਇਕ ਕਮਰੇ ਵਿਚ ਸਾਂ । ਭਰਾ ਦੇ ਜਾਣ ਪਿਛੋਂ ਉਸ ਨੇ ਉਹ ਕਮਰਾ ਛੁਡਾ ਲਿਆ । ਪਹਿਲਾਂ ਤਾਂ ਮੈਂ ਗੁੱਸੇ ਅਤੇ ਨਮੋਸ਼ੀ ਵਿਚ ਮੁੰਡਿਆਂ ਵਾਲੇ ਕਮਰੇ ਵਿਚ ਗਿਆ ਪਰ ਉਥੇ ਮੇਰਾ ਸਮਾ ਸਕਣਾ ਮੁਸ਼ਕਿਲ ਸੀ ਕਿਉਂਕਿ ਦੋ ਮੰਜਿਆਂ ਉੱਪਰ ਛੇ ਜਣੇ ਲੇਟੇ ਹੋਏ ਸਨ ਤੇ ਦੋ ਜਣੇ ਜ਼ਮੀਨ 'ਤੇ ਸੁੱਤੇ ਸਨ । ਉਂਝ ਵੀ ਮੈਂ ਹੁਣ ਤੱਕ ਉਨ੍ਹਾਂ ਨਾਲੋਂ ਆਪਣੇ ਆਪ ਨੂੰ ਥੋੜ੍ਹਾ ਉੱਚੇ ਦਰਜੇ ਦਾ ਸਮਝਦਾ ਸਾਂ ਤੇ ਉਨ੍ਹਾਂ ਵਾਸਤੇ ਵੀ ਮੈਂ ਪ੍ਰਮੋਟਰ ਦਾ ਖਾਸ ਆਦਮੀ ਸਾਂ । ਘਰੋਂ ਵੀ ਇੰਨੇ ਜ਼ਿਆਦਾ ਪੈਸੇ ਨਹੀਂ ਸੀ ਲੈ ਕੇ ਗਿਆ ਕਿ ਇੰਨੇ ਦਿਨਾਂ ਦਾ ਸਾਰਾ ਖਰਚਾ ਖੁਦ ਬਰਦਾਸ਼ਤ ਕਰਦਾ । ਹਾਰ ਕੇ ਮੈਨੂੰ ਪ੍ਰਮੋਟਰ ਅਤੇ ਦੂਰਦਰਸ਼ਨ ਵਾਲੇ ਕਲਾਕਾਰ ਦੇ ਕਮਰੇ ਵਿਚ ਆਉਣ ਪਿਆ । ਕਲਾਕਾਰ ਜਿਹੜਾ ਹੁਣ ਤੱਕ ਮੇਰਾ ਪੱਖ ਪੂਰਦਾ ਸੀ, ਉਹ ਪ੍ਰਮੋਟਰ ਦੀ ਚਮਚਾਗਿਰੀ ਕਰਨ ਲੱਗਾ । ਉਹ ਦੋਵੇਂ ਬੈੱਡ ਉੱਤੇ ਸੁੱਤੇ ਤੇ ਮੈਂ ਸੋਫ਼ 'ਤੇ ਲਟ ਗਿਆ । ਅਗਲੇ ਦੋ ਦਿਨ ਉਹ ਮੇਰੇ ਤੋਂ ਦੂਰ-ਦੂਰ ਰਹੇ ਤੇ ਚੁਪ-ਚੁੱਪ ਵੀ । ਉਨ੍ਹਾਂ ਰੋਟੀ ਵੀ ਮੇਰੇ ਤੋਂ ਚੋਰੀ ਖਾ ਆਉਣੀ । ਮੈਂ ਇਕ ਤਰ੍ਹਾਂ ਇਕੱਲਾ ਰਹਿ ਗਿਆ । ਉਨ੍ਹਾਂ ਦਾ ਇਹ ਵਿਵਹਾਰ ਮੈਨੂੰ



Sri Satguru Jagjit Singh Ji eLibrary NamdhariElibrary@gmail.com

ਦੁੱਖ ਦੇਣ ਵਾਲਾ ਸੀ। ਮੈਨੂੰ ਮਹਿਸੂਸ ਹੋਇਆ ਕਿ ਮੈਨੂੰ ਵਰਤ ਕੇ ਹਣ ਆਪਣੇ ਵਾਅਦੇ ਤੋਂ ਫਿਰ ਰਿਹਾ ਹੈ। ਪਰ ਮੈਂ ਸ਼ਾਇਦ ਉਸ ਤੋਂ ਅਜੇ ਵੀ ਪਹਿਲਾਂ ਵਾਲੀ ਇੱਜ਼ਤ ਚਾਹੁੰਦਾ ਸੀ।

ਨਿਸ਼ਚਿਤ ਦਿਨ 'ਤੇ ਅਸੀਂ ਤਿਆਰ ਹੋ ਕੇ ਅੰਬੈਸੀ ਵਿਚ ਪਹੁੰਚ ਗਏ। ਅੱਜ ਅਸੀਂ ਅੰਦਰਲੇ ਹਾਲ ਵਿਚ ਪਹੁੰਚ ਗਏ। ਕੁਝ ਚਿਰ ਬਾਅਦ ਸਾਡੇ ਗਰੁੱਪ ਨੂੰ ਆਵਾਜ਼ ਪਈ ਤੇ ਸਾਨੂੰ ਸਾਡੇ ਪਾਸਪੋਰਟ ਫੜਾ ਕੇ ਲਾਈਨ ਵਿਚ ਖੜ੍ਹਾ ਕਰ ਦਿੱਤਾ। ਸਭ ਤੋਂ ਅੱਗੇ ਗਾਇਕਾ ਸੀ, ਉਸ ਤੋਂ ਬਾਅਦ ਪ੍ਰਮੋਟਰ ਦਾ ਭਰਾ, ਫਿਰ ਸਾਰੇ 'ਕਬੂਤਰ' ਤੇ ਅਖੀਰ ਵਿਚ ਮੈਂ ਤੇ ਕਲਾਕਾਰ ਖੜੋਤੇ ਸੀ। ਗਾਇਕਾ ਦੇ ਨਾਲ ਖਿੜਕੀ ਸਾਹਮਣੇ ਸਾਡੀ ਵਕੀਲ ਵੀ ਦੁਭਾਸ਼ਣ ਦੇ ਤੌਰ 'ਤੇ ਅਤੇ ਸਪੱਸ਼ਟੀਕਰਨ ਦੇਣ ਵਾਸਤੇ ਖੜ੍ਹੋਤੀ ਸੀ। ਅਸੀਂ ਲਾਈਨ ਵਿਚੋਂ ਧੌਣ ਉਲਾਰ ਕੇ ਖਿੜਕੀ ਵੱਲ ਵੇਖ ਰਹੇ ਸਾਂ। ਕਾਫੀ ਚਿਰ ਗਾਇਕਾ ਨਾਲ ਖਿੜਕੀ 'ਤੇ ਬੈਠਾ ਗੋਰਾ ਸੁਆਲ ਜੁਆਬ ਕਰਦਾ ਰਿਹਾ। ਵਕੀਲ ਵੀ ਨਾਲ ਦੇ ਨਾਲ ਉਸ ਨੂੰ ਗਾਇਕਾ ਬਾਰੇ ਦੱਸ ਰਹੀ ਸੀ। ਆਖਰਕਾਰ ਉਨ੍ਹਾਂ ਗਾਇਕਾ ਦਾ ਪਾਸਪੋਰਟ ਆਪਣੇ ਕੋਲ ਰੱਖ ਲਿਆ ਜਿਹੜਾ ਵੀਜ਼ਾ ਲੱਗ ਜਾਣ ਦੀ ਨਿਸ਼ਾਨੀ ਸੀ। ਉਸ ਤੋਂ ਅਗਲਾ ਆਦਮੀ ਸੱਤ ਲੱਖ ਰੁਪਏ ਦੇ ਕੇ ਜਾਣ ਵਾਲਾ 'ਕਬੂਤਰ' ਸੀ। ਵਕੀਲ ਨੇ ਉਸ ਬਾਰੇ ਵੀ ਦੱਸਿਆ ਪਰ ਗੋਰੇ ਨੇ ਨਾਂਹ ਦੀ ਮੋਹਰ ਲਾ ਕੇ ਪਾਸਪੋਰਟ ਉਸ ਦੇ ਹੱਥ ਫੜਾਇਆ। ਅਗਲੇ ਤਿੰਨ-ਚਾਰ ਮੁੰਡੇ ਵੀ ਇਸ ਤਰ੍ਹਾਂ ਹੀ ਉਡ ਗਏ। ਫਿਰ ਇਕ ਮੁੰਡੇ ਦਾ ਪਾਸਪੋਰਟ ਰੱਖ ਲਿਆ ਗਿਆ। ਉਸ ਤੋਂ ਬਾਅਦ ਦੋ ਹੋਰਨਾਂ ਨੂੰ ਇਨਕਾਰ ਹੋ ਗਿਆ। ਫਿਰ ਇਕ ੪੫ ਸਾਲਾਂ ਦੇ ਆਦਮੀ ਦਾ ਪਾਸਪੋਰਟ ਰਖਿਆ। ਹੁਣ ਦੂਰਦਰਸ਼ਨ ਦਾ ਕਲਾਕਾਰ ਤੇ ਮੈਂ ਹੀ ਬਾਕੀ ਬਚੇ ਸਾਂ। ਦੂਰਦਰਸ਼ਨ ਦਾ ਕਲਾਕਾਰ ਤਾਂ ਪਹਿਲਾਂ ਬਾਹਰ ਜਾ ਆਇਆ ਸੀ, ਇਸ ਲਈ ਉਸ ਦਾ ਵੀਜ਼ਾ ਲੱਗ ਗਿਆ।

ਸਭ ਤੋਂ ਅਖੀਰ ਵਿਚ ਮੇਰੀ ਵਾਰੀ ਸੀ। ਹੁਣ ਤੱਕ ਮੈਨੂੰ ਯਕੀਨ ਹੋ ਚੁੱਕਿਆ ਸੀ ਕਿ ਮੇਰਾ ਵੀਜ਼ਾ ਨਹੀਂ ਲੱਗਣਾ। ਮੇਰੇ ਵਰਗੇ ਸਾਰੇ ਰਿੜਿਉਚ ਹੋ ਚੁੱਕੇ ਸਨ। ਮੇਰੀ ਤਾਂ ਉਨ੍ਹਾਂ ਸਾਰਿਆਂ ਨਾਲੋਂ ਉਮਰ ਵੀ ਛੋਟੀ ਸੀ। ਜਦੋਂ ਮੈਂ ਖਿੜਕੀ ਉੱਤੇ ਗਿਆ ਤਾਂ ਮੇਰਾ ਦਿਲ ਧੜਕ ਰਿਹਾ ਸੀ। ਗੋਰੇ ਨੇ ਐਨਕਾਂ ਵਿਚੋਂ ਦੀ ਮੈਨੂੰ ਧਿਆਨ ਨਾਲ ਵੇਖਿਆ। ਵਕੀਲ ਨੇ ਮੇਰੇ ਬਾਰੇ ਉਸ ਨੂੰ ਦਸਿਆ ਕਿ ਇਹ ਗਰੁੱਪ ਵਿਚ ਸ਼ਟੇਜ ਅਨਾਊਂਸਰ ਦੇ ਤੌਰ 'ਤੇ ਜਾ ਰਿਹਾ ਹੈ। ਇਸ ਦੇ ਪਿਤਾ ਪੰਜਾਬੀ ਦੇ ਮਸ਼ਹੂਰ ਕਹਾਣੀਕਾਰ ਹਨ ਅਤੇ ਉਹ ਪਿਛਲੇ ਸਾਲ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਜਾ ਕੇ ਆਏ ਹਨ। ਗੋਰੇ ਨੇ ਪੁੱਛਿਆ ਕਿ ਉਹ ਕੀ ਕਰਨ ਗਏ ਸਨ ਮੈਂ ਜੁਆਬ ਦਿੱਤਾ ਕਿ ਉਹ ਮਿਲਵਾਕੀ ਵਿਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਹਿੱਸਾ ਲੈਣ ਗਏ ਸਨ।

ਮੈਂ ਜੁਆਬ ਦਿੰਦਿਆਂ ਨਾਲ ਹੀ ਵੇਖ ਰਿਹਾ ਸਾਂ ਕਿ ਉਸ ਦੇ ਹੱਥ ਕਦੇ ਇਨਕਾਰ ਕਰਨ ਵਾਲੀ ਮੋਹਰ ਨੂੰ ਚੁੱਕਦੇ ਹਨ। ਪਰ ਉਸ ਨੇ ਮੈਨੂੰ ਕਿਹਾ, "ਤੂੰ ਕੁਝ ਚਿਰ ਉਡੀਕ ਕਰ।" ਮੈਂ ਵਾਪਸ ਆਪਣੀ ਜਗ੍ਹਾ ਉੱਤੇ ਆ ਗਿਆ। ਗਾਇਕਾ ਮੈਨੂੰ ਕਹਿਣ ਲੱਗੀ, "ਕੀ ਗੱਲ ਹੋਈ ਹੈ?" ਮੈਂ ਦਸਿਆ ਕਿ ਉਨ੍ਹਾਂ ਨੇ ਮੇਰਾ ਪਾਸਪੋਰਟ ਰੱਖ ਲਿਆ ਹੈ ਅਤੇ ਉਡੀਕ ਕਰਨ ਲਈ ਆਖਿਆ ਹੈ। ਲਾਗੋਂ ਦੂਰਦਰਸ਼ਨ ਦਾ ਕਲਾਕਾਰ ਬੋਲਿਆ, "ਤੂੰ ਇੰਨਾ ਉਦਾਸ ਕਿਉਂ ਹੈਂ? ਤੇਰਾ ਵੀਜ਼ਾ ਲੱਗ ਗਿਆ ਹੈ। ਪਾਸਪੋਰਟ ਰੱਖਣ ਦਾ ਮਤਲਬ ਹੀ ਇਹ ਹੁੰਦਾ ਹੈ।"

ਮੈਂ ਖੁਸ਼ ਤਾਂ ਬਹੁਤ ਹੋਇਆ ਪਰ ਯਕੀਨ ਮੈਨੂੰ ਅਜੇ ਵੀ ਨਹੀਂ ਸੀ ਆ ਰਿਹਾ। ਥੋੜ੍ਹੀ ਦੇਰ ਬਾਅਦ ਸਾਡੇ ਗਰੁੱਪ ਦਾ ਨਾਂ ਫੇਰ ਬੋਲਿਆ ਗਿਆ। ਵਕੀਲ ਅਤੇ ਪ੍ਰਮੋਟਰ ਖਿੜਕੀ ਉਤੇ ਗਏ। ਉਨ੍ਹਾਂ ਦੇ ਉਥੋਂ ਮੁੜਨ ਪਿਛੋਂ ਅਸੀਂ ਸਾਰੇ ਬਾਹਰ ਆ ਗਏ। ਮੈਂ ਪੁੱਛਣਾ ਚਾਹ ਰਿਹਾ ਸੀ ਕਿ ਮੇਰੇ ਪਾਸਪੋਰਟ ਦਾ ਕੀ ਬਣਿਆ। ਕਿਸੇ ਨੇ ਕਿਹਾ. "ਉਨ੍ਹਾਂ ਆਵਾਜ਼ ਮਾਰ ਕੇ ਦੋ ਪਾਸਪੋਰਟ ਵਾਪਸ ਕੀਤੇ ਹਨ ਤੇ ਜਿਨ੍ਹਾਂ ਨੂੰ ਵੀਜ਼ੇ ਮਿਲੇ ਹਨ ਉਹ ਪਾਸਪੋਰਟ ਕੱਲ੍ਹ ਮਿਲਣਗੇ।" ਮੈਂ ਪ੍ਰਮੋਟਰ ਤੋਂ ਪੁੱਛਣਾ ਚਾਹ ਰਿਹਾ ਸੀ ਕਿ ਉਹ ਪਾਸਪੋਰਟ ਕਿਸ ਕਿਸ ਦੇ ਸਨ। ਪਰ ਉਹ ਤਾਂ ਕਿਸੇ ਦੀ ਗੱਲ ਹੀ ਨਹੀਂ ਸੀ ਸੁਣ ਰਿਹਾ। ਉਹਨੇ ਸਭ ਨੂੰ ਵਾਪਸ ਹੋਟਲ ਜਾਣ ਲਈ ਆਖਿਆ। ਥੋੜ੍ਹੀ ਦੇਰ ਬਾਅਦ ਕਲਾਕਾਰ ਅਤੇ ਪ੍ਰਮੋਟਰ ਵੀ ਪਹੁੰਚੇ। ਮੈਂ ਕਲਾਕਾਰ ਨੂੰ ਵੱਖ ਕਰਕੇ ਆਪਣੇ ਪਾਸਪੋਰਟ ਬਾਰੇ ਪੁੱਛਿਆ, ਤਾਂ ਉਸ ਨੇ ਕਿਹਾ, "ਸੱਚੀ ਗੱਲ ਤਾਂ ਇਹ ਹੈ ਕਿ ਤੇਰਾ ਅਤੇ ਦੂਸਰੇ ਮੁੰਡੇ ਦਾ ਪਾਸਪੋਰਟ ਵਾਪਸ ਕਰ ਦਿੱਤਾ ਗਿਆ ਹੈ।"

ਮੇਰੇ ਪੈਰਾਂ ਹੇਠੋਂ ਤਾਂ ਜ਼ਮੀਨ ਖਿਸਕ ਗਈ। ਇਹ ਸੁਣ ਕੇ ਮੈਨੂੰ ਬਹੁਤ ਝਟਕਾ ਲੱਗਾ। ਮੈਂ ਚੁੱਪ-ਚਾਪ ਕਮਰੇ ਵਿਚ ਜਾ ਕੇ ਆਪਣੇ ਕੱਪੜੇ ਅਟੈਚੀ ਵਿਚ ਪਾ ਕੇ ਵਾਪਸ ਜਾਣ ਦੀਆਂ ਤਿਆਰੀਆਂ ਕਰਨ ਲੱਗਾ। ਦੂਸਰੇ ਪਾਸੇ ਜਿਸ



Sri Satguru Jagjit Singh Ji eLibrary NamdhariElibrary@gmail.com

ਆਦਮੀ ਦਾ ਵੀਜ਼ਾ ਮਨਜ਼ੂਰ ਹੋਇਆ ਸੀ, ਉਹ ਖੁਸ਼ੀ ਵਿਚ ਪਾਰਟੀ ਕਰ ਰਿਹਾ ਸੀ। ਥੋੜ੍ਹੇ ਚਿਰ ਬਾਅਦ ਪ੍ਰਮੋਟਰ ਮੇਰੇ ਕਮਰੇ ਵਿਚ ਆਇਆ ਅਤੇ ਵਿਅੰਗ ਨਾਲ ਕਹਿਣ ਲੱਗਾ, "ਕਿੱਦਾਂ। ਕੀ ਹਾਲ ਹੈ ?"

ਮੈਂ ਕਿਹਾ, "ਹਾਲ ਤਾਂ ਠੀਕ ਹੈ। ਹੁਣ ਤੁਸੀਂ ਮੈਨੂੰ ਮੇਰਾ ਪਾਸਪੋਰਟ ਦਿਉ ਅਤੇ ਮੈਂ ਵਾਪਸ ਜਲੰਧਰ ਜਾਵਾਂ।" ਮੇਰੀ ਇਹ ਗੱਲ ਸੁਣ ਕੇ ਉਹ ਬਹੁਤ ਗੁੱਸੇ ਵਿਚ ਬੋਲਿਆ, "ਅਸੀਂ ਤੇਰਾ ਪਾਸਪੋਰਟ ਖਾ ਨਹੀਂ ਚੱਲੇ। ਅਸੀਂ ਬੇਈਮਾਨ ਨਹੀਂ ਹਾਂ, ਤੈਨੂੰ ਤੇਰਾ ਪਾਸਪੋਰਟ ਮਿਲ ਜਾਵੇਗਾ।"

ਮੈਂ ਕਿਹਾ, 'ਚੰਗਾ ਮੈਂ ਚੱਲਦਾ ਹਾਂ।"

ਮੈਂ ਨਿਮਾਣਾ ਜਿਹਾ ਬਣ ਕੇ ਢੱਠੇ ਦਿਲ ਨਾਲ ਪੌੜੀਆਂ ਉਤਰ ਆਇਆ। ਮੇਰੇ ਕੋਲ ਤਾਂ ਜਿਹੜੇ ਪੈਸੇ ਸਨ ਉਹ ਵੀ ਆਪਣੇ ਉਤੇ ਖਰਚ ਹੋ ਗਏ ਸਨ। ਮੈਂ ਪ੍ਰਮੋਟਰ ਦੇ ਭਰਾ ਕੋਲੋਂ ੨੦੦ ਰੁਪਏ ਉਧਾਰ ਲਏ ਤੇ ਆਟੋ ਲੈ ਕੇ ਦਿੱਲੀ ਬੱਸ ਸਟੈਂਡ 'ਤੇ ਆ ਗਿਆ। ਸਾਰੇ ਰਾਹ ਮੈਂ ਆਪਣੇ ਨਾਲ ਹੋਏ ਵਿਤਕਰੇ ਭਰੇ ਵਤੀਰੇ 'ਤੇ ਝੁਰਦਾ ਤੇ ਦੁਖੀ ਹੁੰਦਾ ਰਿਹਾ। ਮੈਂ ਵੀ ਸੋਚ ਰਿਹਾ ਸਾਂ ਕਿ ਜੇ ਮੇਰਾ ਪਾਸਪੋਰਟ ਉਨ੍ਹਾਂ ਰੱਖਿਆ ਸੀ ਤੇ ਫਿਰ ਮੋੜਨ ਦੀ ਕੀ ਲੋੜ ਸੀ। ਜੇ ਉਨ੍ਹਾਂ ਮੋੜ ਵੀ ਦਿੱਤਾ ਹੋਵੇਗਾ ਤਾਂ ਪ੍ਰਮੋਟਰ ਨੂੰ ਰੱਖਣ ਦੀ ਕੀ ਲੋੜ ਸੀ। ਮੇਰੇ ਮਨ ਵਿਚ ਆਸ ਦੀ ਸ਼ਾਇਦ ਅਜੇ ਵੀ ਕੋਈ ਕਿਰਨ ਬਾਕੀ ਰਹਿ ਗਈ ਸੀ। ਪਰ ਉਸ ਨਾਲ ਮੈਂ ਪੂਰੀ ਤਰ੍ਹਾਂ ਟੁੱਟਿਆ ਅਤੇ ਮਾਯੂਸ ਹੋਇਆ ਪਿਆ ਸਾਂ। ਮੈਂ ਲਗਾਤਾਰ ਛੇ ਮਹੀਨੇ ਉਸ ਵਾਸਤੇ ਕੀਤੀ ਸਖਤ ਤਪੱਸਿਆ ਬਾਰੇ ਸੋਚ ਰਿਹਾ ਸਾਂ। ਰਾਜਪੁਰੇ ਆ ਕੇ ਬੱਸ ਰੁਕੀ ਅਤੇ ਸਵਾਰੀਆਂ ਰੋਟੀ ਖਾਣ ਲਈ ਢਾਬੇ ਵਾਲੇ ਪਾਸੇ ਚਲੀਆਂ ਗਈਆਂ। ਭੁੱਖ ਤਾਂ ਮੈਨੂੰ ਬਹੁਤ ਲੱਗੀ ਸੀ ਪਰ ਮੇਰੇ ਕੋਲ ਪੈਸੇ ਥੋੜ੍ਹੇ ਸੀ। ਦੂਸਰਾ ਮਨ ਵੀ ਉਦਾਸ ਸੀ। ਮੈਂ ਪਾਣੀ ਰੱਜ ਕੇ ਪੀ ਲਿਆ ਅਤੇ ਉਦਾਸ ਹੋਇਆ ਇੱਧਰ-ਉੱਧਰ ਟਹਿਲਣ ਲੱਗ ਪਿਆ। ਮੈਨੂੰ ਇਹ ਵੀ ਲੱਗ ਰਿਹਾ ਸੀ ਕਿ ਸ਼ਾਇਦ ਮੇਰਾ ਵੀਜ਼ਾ ਲੱਗ ਗਿਆ ਹੋਵੇ। ਪਰ ਪ੍ਰਮੋਟਰ ਦੀ ਇਸ ਗੱਲੋਂ ਜਾਨ ਨਿਕਲ ਗਈ ਹੋਵੇ ਕਿ ਹਾਏ ਮੈਂ ਤਾਂ ਸੱਤ ਲੱਖ ਰੁਪਏ ਲੈ ਕੇ ਅਮਰੀਕਾ ਆਦਮੀ ਭੇਜਦਾ ਹਾਂ ਤੇ ਇਹ ਮੁਫਤ ਹੀ ਅਮਰੀਕਾ ਚਲਾ ਜਾਵੇਗਾ।

(ਚਲਦਾ)

## ਕੁਦਰਤ ਦੀ ਖੇਡ —ਨੀਲਮ ਸੰਜੀਵ

ਕੁਦਰਤ ਦੀ ਖੇਡ ਵੀ ਅਜੀਬ ਏ
ਤੇ
ਇਨਸਾਨ ਦੇ ਬਣਾਏ ਹੋਏ ਕਾਨੂੰਨ
ਉਸ ਤੋਂ ਵੀ ਕਿਤੇ ਵੱਧ ਅਜੀਬ ਨੇ
ਜੋ ਕਿ ਖਾਸ ਕਰ ਔਰਤ ਤੇ ਤਾਂ ਲਾਗੂ ਹੁੰਦੇ ਹਨ।
ਔਰਤ ਜੋ ਕਿ
ਸੰਸਾਰ ਦੀ ਜਨਣੀ ਹੈ ਜਗਤ ਮਾਤਾ ਕਹਾਉਂਦੀ ਹੈ
ਪਰ ਮਰਦ ਜ਼ਾਤ ਉਫ...ਜੇ ਵੱਸ ਚੱਲੇ ਤਾਂ
ਨਿਗਲ ਹੀ ਜਾਵੇ, ਇਸ ਦਾ ਨਾਮੋ ਨਿਸ਼ਾਨ ਮਿਟਾ ਦੇਵੇ।
ਪਰ ਸਦੀਆਂ ਬਾਅਦ ਹੁਣ
ਔਰਤ ਨੇ ਵੀ ਹਿੰਮਤ ਕੀਤੀ
ਗੁਲਾਮ ਤੋਂ ਅਜ਼ਾਦ ਹੋਣਾ ਚਾਹਿਆ
ਸਿਰ ਚੁੱਕ ਕੇ ਜੀਉਣ ਦੀ ਕੋਸ਼ਿਸ਼ ਕੀਤੀ।
ਪੈਰ ਦੀ ਜੁੱਤੀ ਬਣਨ ਤੋਂ ਇਨਕਾਰ ਕੀਤਾ
ਮਰਦ ਨੂੰ ਹਨੇਰੇ ਦੀ ਰਾਹ ਤੋਂ
ਰੋਸ਼ਨੀ ਵੱਲ ਲਿਆਉਣ ਦਾ ਯਤਨ ਕੀਤਾ।
ਮੋਢੇ ਨਾਲ ਮੋਢਾ ਲਾ ਕੇ ਅਗਾਂਹ ਵੱਧੀ
ਤਨ ਮਨ ਨਾਲ ਉਸਦੀ ਸੇਵਾ ਕੀਤੀ
ਉਸ ਦਾ ਵੰਸ਼ ਵਧਾਇਆ ਪਰ
ਅੰਤ 'ਚ ਫੇਰ ਵੀ
ਮਰਦ ਨੇ ਔਰਤ ਨੂੰ ਨਾ ਕਬੂਲਿਆ
ਭਾਵੇਂ ਮਨ ਹੀ ਮਨ ਉਸ ਨੂੰ ਸਲਾਹਿਆ
ਉਸ ਦੇ ਕੰਮ ਦੀ ਪ੍ਰਸ਼ੰਸ਼ਾ ਕੀਤੀ
ਪਰ ਉਪਰੋਂ ਕਦੀ ਵੀ ਦੋ ਬੋਲ
ਮੂੰਹੋਂ ਨਾ ਫੁੱਟੇ।
ਸਿਆਣੇ ਕਹਿੰਦੇ ਨੇ
ਔਰਤ ਬਿਨਾਂ ਮਰਦ ਅਧੂਰਾ ਹੈ
ਮਰਦ ਬਿਨਾਂ ਔਰਤ ਅਧੂਰੀ ਹੈ।
ਦੋਵੇਂ ਇਕ ਗੱਡੀ ਦੇ ਪਹੀਏ ਹਨ
ਦੋਵਾਂ ਨੂੰ ਮਿਲਜੁਲ ਕੇ ਰਹਿਣਾ ਚਾਹੀਦਾ ਹੈ
ਪਰ
ਫਰਕ ਦੋਵਾਂ 'ਚ ਇੰਨਾਂ ਕੁ ਈ ਹੀ ਹੈ
ਜਿੱਥੇ
ਔਰਤ ਇਸ ਗੱਲ ਨੂੰ ਕਬੂਲਦੀ ਹੈ
ਉੱਥੇ
ਮਰਦ ਇਸ ਨੂੰ ਫੇਰ ਵੀ
ਨਾਗ ਵਾਂਗ ਫੁਕਾਰੇ ਮਾਰਦਾ।
ਪਰ 'ਨੀਲਮ' ਇਹ ਖੇਡ ਤੇ ਆਖਰ
ਉਸ ਦਾਤੇ ਦੀ ਹੀ ਖੇਡ ਹੈ।



Sri Satguru Jagjit Singh Ji eLibrary NamdhariElibrary@gmail.com

# ੨੧ਵਾਂ ਤਰਨ ਸਿੰਘ ਵਹਿਮੀ ਯਾਦਗਾਰੀ ਸਨਮਾਨ ਸਮਾਰੋਹ

ਸ੍ਰੀ ਭੈਣੀ ਸਾਹਿਬ—ਇਥੇ ੨੧ ਫ਼ਰਵਰੀ, ੧੯੯੯ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਹੇਠ ੨੧ਵਾਂ ਸੰਤ ਤਰਨ ਸਿੰਘ ਵਹਿਮੀ ਯਾਦਗਾਰੀ ਸਨਮਾਨ ਸਮਾਰੋਹ ਮਨਾਇਆ ਗਿਆ। ਇਸ ਵਾਰ ਇਹ ਸਨਮਾਨ ਪੰਥ ਦੇ ਅਨਿਨ ਸੇਵਕ, ਪ੍ਰਚਾਰਕ ਤੇ ਸ਼ਰਧਾਲੂ ਸੂਬਾ ਮੇਲਾ ਸਿੰਘ ਜੀ ਨੂੰ ਦਿਤਾ ਗਿਆ।

ਸਮਾਗਮ ਦੌਰਾਨ ਸਭ ਤੋਂ ਪਹਿਲਾਂ ਨਾਮਧਾਰੀ ਸਾਹਿਤ ਸਭਾ ਦੇ ਮੈਂਬਰਾਂ ਨੇ ਆਪਣੀਆਂ ਭਾਵੁਕ ਸਾਂਝਾਂ ਨਾਲ ਵਹਿਮੀ ਜੀ ਨੂੰ ਯਾਦ ਕੀਤਾ ਤੇ ਉਹਨਾਂ ਦੀਆਂ ਉਪਲੱਬਧੀਆਂ ਦਾ ਜ਼ਿਕਰ ਕੀਤਾ। ਗੁਰਦਿਆਲ ਪ੍ਰੀਤ, ਮਾ. ਅਮਰੀਕ ਸਿੰਘ, ਲਖਵਿੰਦਰ ਬਾਜਵਾ, ਬਲਬੀਰ ਢਿਲੋਂ ਆਦਿ ਨੇ ਆਪਣੇ ਵਿਚਾਰ ਰੱਖੇ।

ਫਿਰ ਬਾਹਰੋਂ ਬੁਲਾਏ ਗਏ ਬੁਲਾਰਿਆਂ ਦਾ ਸਿਲਸਲਾ ਸ਼ੁਰੂ ਹੋਇਆ। ਉਚੇਚੇ ਯਤਨਾਂ ਸਦਕਾ ਇਸ ਵਾਰੀ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜੋਗਿੰਦਰ ਸਿੰਘ ਪੁਆਰ ਤੇ ਗੋਬਿੰਦ ਸਦਨ ਵਾਲੇ ਗਿਆਨੀ ਨਿਰਮਲ ਸਿੰਘ ਇਸ ਸਮਾਗਮ ਵਿਚ ਹਾਜ਼ਰ ਹੋਏ।

ਬੁਲਾਰਿਆਂ ਨੇ ਕੂਕਾ ਅੰਦੋਲਨ, ਕੂਕਾ ਇਤਿਹਾਸ ਆਦਿ ਦਾ ਜ਼ਿਕਰ ਕਰਦਿਆਂ ਲਿਖਾਰੀਆਂ ਦੀਆਂ ਕੀਤੀਆਂ ਘਾਲਣਾਵਾਂ ਦਾ ਜ਼ਿਕਰ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਲਿਖਾਰੀਆਂ ਲਈ ਤੇ ਸਾਹਿਤ ਲਈ ਕੀਤੇ ਗਏ ਯਤਨਾਂ ਦੀ ਵੀ ਭਰਪੂਰ ਚਰਚਾ ਕੀਤੀ ਗਈ। ਗਿਆਨੀ ਕਿਰਪਾਲ ਸਿੰਘ, ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਆਦਿ ਨੇ ਸਮੁਚੇ ਨਾਮਧਾਰੀ ਸਾਹਿਤ ਅਤੇ ਇਤਿਹਾਸ ਤੇ ਚਾਨਣਾ ਪਾਇਆ। ਸੂਬਾ ਸੁਰਿੰਦਰ ਕੌਰ ਖਰਲ ਤੇ ਦਵਿੰਦਰ ਸਿੰਘ ਗਿੱਲ ਜੀਆਨੱਬਾ ਨੇ ਵਹਿਮੀ ਜੀ ਦੀ ਲੇਖਣੀ ਤੇ ਪਰਚੇ ਪੜ੍ਹੇ ਅਤੇ ਸੂਬਾ ਮੇਲਾ ਸਿੰਘ ਜੀ ਪ੍ਰਤੀ ਸਮੁਚੀ ਜਾਣਕਾਰੀ ਦਿਤੀ। ਡਾ. ਸ਼ੇਰ ਸਿੰਘ ਢਿਲੋਂ ਡੀਨ ਵਿਦਿਆਰਥੀ ਭਲਾਈ ਤੇ ਨਾਮਧਾਰੀ ਸਾਹਿਤ ਨੂੰ ਲੋਕਾਂ ਤਕ ਪਹੁੰਚਾਣ ਤੇ ਜ਼ੋਰ ਦਿਤਾ ਤੇ ਆਪਣੇ ਸੁਝਾਅ ਪੇਸ਼ ਕੀਤੇ। ਡਾ. ਹਰਿੰਦਰ ਸਿੰਘ ਭੱਟੀ ਨੇ ਵਹਿਮੀ ਜੀ ਦੀ ਰਚਨਾ ਬਾਰੇ ਵਿਚਾਰ ਪੇਸ਼ ਕਰਦਿਆਂ ਜਨਮ ਸਾਖੀ ਸਾਹਿਤ ਦਾ ਵਡਮੁਲਾ ਖਜ਼ਾਨਾ ਸਾਂਭੀ ਬੈਠੇ 'ਜੱਸ ਜੀਵਨ' ਦੀ ਪ੍ਰਸੰਸਾ ਕੀਤੀ ਤੇ ਨਾਮਧਾਰੀ ਇਤਿਹਾਸ ਨੂੰ ਵਡੀ ਪੱਧਰ ਤੇ ਲੋਕਾਂ ਸਾਹਮਣੇ ਪੇਸ਼ ਕਰਨ ਦੀ ਸਲਾਹ ਦਿਤੀ। ਪ੍ਰੋ. ਕਿਰਪਾਲ ਸਿੰਘ ਜੀ ਕਸੇਲ ਨੇ ਸਤਿਗੁਰਾਂ ਦੀ ਲਿਖਾਰੀਆਂ ਪ੍ਰਤੀ ਭਾਵਨਾ ਦਾ ਉਲੇਖ ਕਰਦਿਆਂ ਵਹਿਮੀ ਜੀ ਦੀਆਂ ਕਿਰਤਾਂ ਬਾਰੇ ਭਰਪੂਰ ਸ਼ਲਾਘਾ ਕੀਤੀ। ਜਗਦੀਸ਼ ਸਿੰਘ ਵਰਿਆਮ ਜੀ ਨੇ ਨਾਮਧਾਰੀ ਸਾਹਿਤ ਦੇ ਉਜਾਗਰ ਹੋਏ ਪੱਖਾਂ ਤੇ ਚਾਨਣਾ ਪਾਂਦਿਆਂ ਵਹਿਮੀ ਜੀ ਅਤੇ ਸੂਬਾ ਮੇਲਾ ਸਿੰਘ ਦੀਆਂ ਘਾਲਨਾਵਾਂ ਨੂੰ ਯਾਦ ਕੀਤਾ। ਸੁਵਰਨ ਸਿੰਘ ਵਿਰਕ ਹੁਰਾਂ ਵਹਿਮੀ ਜੀ ਬਾਰੇ ਸਮਾਲੋਚਨਾ ਕਰਦਿਆਂ ਉਹਨਾਂ ਦੀਆਂ ਕਿਰਤਾਂ ਪ੍ਰਤੀ ਆਪਣੇ ਵਿਚਾਰ ਪੇਸ਼ ਕੀਤੇ। ਡਾ. ਕੇ. ਐਸ. ਸਾਹਨੀ ਨੇ ਪੰਜਾਬੀ ਜ਼ਬਾਨ ਦੀ ਮਹਾਨਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਵਹਿਮੀ ਜੀ ਦੀ ਲੇਖਣੀ ਸਰਕਾਰੀ ਦਰਬਾਰੀ ਨਾ ਹੋ ਕੇ ਸਗੋਂ ਪ੍ਰਭੂ ਭਗਤੀ ਵਾਲੀ ਹੈ ਜੋ ਉਸ ਸਮੇਂ ਦੀ ਨਵੇਕਲੀ ਗੱਲ ਹੈ। ਸਾਧੂ ਸਿਘ ਕਿਸਾਨ ਨੇ ਭਾਵੁਕ ਹੋ ਕੇ ਵਹਿਮੀ ਜੀ ਦੀਆਂ ਯਾਦਾਂ ਸਾਂਝੀਆਂ ਕੀਤੀਆਂ।

ਫਿਰ ਸਟੇਜ ਸਕੱਤਰ ਸੰਤ ਤਰਸੇਮ ਸਿੰਘ ਜੀ ਨੇ ਸਮਾਗਮ ਨੂੰ ਅਗੇ ਤੋਰਦਿਆਂ ਸੂਬਾ ਮੇਲਾ ਸਿੰਘ ਜੀ ਬਾਰੇ ਜਾਣਕਾਰੀ ਦੇਕੇ ਸਨਮਾਨ ਦੀ ਰਸਮ ਸ਼ੁਰੂ ਕਰਵਾਈ। ਸ੍ਰੀ ਸਤਿਗੁਰੂ ਜੀ ਦੇ ਕਰ ਕੰਵਲਾਂ ਦੁਆਰਾ ਸੂਬਾ ਮੇਲਾ ਸਿੰਘ ਜੀ ਨੂੰ ਮੋਮੈਂਟੋ ਤੇ ਕਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ। ਸੂਬਾ ਜੀ ਦੇ ਪਿੰਡ ਦੀ ਪੰਚਾਇਤ ਵਲੋਂ ਵੀ ਇਕ ਮੋਮੈਂਟੋ ਸ੍ਰੀ ਸਤਿਗੁਰੂ ਜੀ ਹੱਥੋਂ ਵੀ ਸੂਬਾ ਜੀ ਨੂੰ ਦੁਆਇਆ ਗਿਆ।

ਸੂਬਾ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕਰ-ਦਿਆਂ ਆਪਣੀਆਂ ਪਿਛਲੀਆਂ ਯਾਦਾਂ ਦਾ ਉਲੇਖ ਕੀਤਾ ਕਿ ਕਿਵੇਂ ਸਤਿਗੁਰੂ ਜੀ ਨੇ ਕਿਰਪਾ ਕਰਕੇ ਉਹਨਾਂ ਨੂੰ ਬੇਮੁਖ ਹੁੰਦਿਆਂ ਨੂੰ ਬਚਾ ਕੇ ਗੁਰਮੁਖ ਕੀਤਾ। ਸੂਬਾ ਜੀ ਦੇ ਸਪੁੱਤਰ ਪਰਮਜੀਤ ਸਿੰਘ ਅਤੇ ਸੰਬੰਧੀ ਮਾ. ਗੁਰਦੇਵ ਸਿੰਘ ਸਿਆਹੜ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਸੂਬਾ ਜੀ ਨੂੰ ਵਧਾਈ ਦਿੱਤੀ ਤੇ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕੀਤਾ।

ਸ. ਜਸਦੇਵ ਸਿੰਘ ਜਸੋਵਾਲ ਸਾਬਕਾ ਐਮ.ਐਲ.ਏ. ਪੰਜਾਬ ਨੇ ਸੂਬਾ ਜੀ ਨੂੰ ਵਧਾਈ ਦਿੰਦਿਆਂ ਨਾਮਧਾਰੀਆਂ ਦੀ ਪ੍ਰਸੰਸਾ ਕੀਤੀ। ਉਹਨਾਂ ਅੱਜ ਦੇ ਸੰਦਰਭ 'ਚ ਬੋਲਦਿਆਂ ਕਿਹਾ ਕਿ ਅੱਜ ਫਿਰ ਸਿੱਖ ਕੁੰਜੀਆਂ ਤੋਂ ਲੜ ਰਹੇ ਹਨ ਤੇ ਸਿੱਖੀ ਨੂੰ ਸੇਧ ਦੇਣ ਲਈ ਇਕੀਵੀਂ ਸਦੀ 'ਚ ਫਿਰ ਇਕ



Sri Satguru Jagjit Singh Ji eLibrary NamdhariElibrary@gmail.com

ਵਾਰੀ ਲਹਿਰ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਜੀ ਦੀ ਅਗਵਾਈ 'ਚ ਸ਼ੁਰੂ ਹੋਵੇ ।

ਡਾ. ਜੁਗਿੰਦਰ ਸਿੰਘ ਪੁਆਰ ਉਪ ਕੁਲਪਤੀ ਪੰਜਾਬ ਯੂਨੀਵਰਸਿਟੀ ਪਟਿਆਲਾ ਨੇ ਕੂਕਿਆਂ ਦੀ ਸਿਫਤ ਕਰਦਿਆਂ ਸ੍ਰੀ ਸਤਿਗੁਰੂ ਜੀ ਦੀਆਂ ਲਿਖਾਰੀਆਂ ਪ੍ਰਤੀ ਮੇਹਰ ਭਰੇ ਹੱਥ ਦਾ ਜ਼ਿਕਰ ਕੀਤਾ, ਉਹਨਾਂ ਵੀ ਸਾਹਿਤ ਨੂੰ ਲੋਕਾਂ ਤੱਕ ਪਹੁੰਚਾਣ ਦੀ ਲੋੜ 'ਤੇ ਜ਼ੋਰ ਦਿਤਾ ।

ਫਿਰ ਦਲਜੀਤ ਸ਼ਾਹੀ ਪ੍ਰਿੰਸੀਪਲ ਨੇ ਆਪਣੇ ਨਾਲ ਆਈਆਂ ਦਸ ਪਿੰਡਾਂ ਦੀਆਂ ਪੰਚਾਇਤਾਂ ਦੀ ਸੰਗਤ ਨਾਲ ਜਾਣ-ਪਛਾਣ ਕਰਵਾਈ ਤੇ ਸ੍ਰੀ ਸਤਿਗੁਰੂ ਜੀ ਨੇ ਉਹਨਾਂ ਨੂੰ ਬਖਸ਼ਿਸ਼ਾਂ ਦਿਤੀਆਂ ।

ਸੁੰਦਰ ਸ਼ਬਦਾਂ ਵਿਚ ਵਹਿਮੀ ਜੀ ਦੇ ਪੋਤਰੇ ਸ. ਗੁਰਤੇਜ ਸਿੰਘ ਗੁਰਾਇਆ ਐਡਵੋਕੇਟ ਨੇ ਵਹਿਮੀ ਪਰਿਵਾਰ ਵਲੋਂ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕਰਦਿਆਂ ਪਰਵਾਰ ਵਲੋਂ ਪਹਿਲਾਂ ਕੀਤੇ ੧੮ ਸਾਹਿਤਕ ਸਮਾਗਮਾਂ ਦਾ ਧਿਆਨ ਦਿਵਾਉਂਦਿਆਂ ਕਿਹਾ ਕਿ ਸ੍ਰੀ ਸਤਿਗੁਰੂ ਜੀ ਕਿਰਪਾ ਨਾ ਕਰਦੇ ਤਾਂ ਇਹ ਸਮਾਗਮ ਕਦੀ ਵੀ ਇਸ ਤਰ੍ਹਾਂ ਦੀ ਪ੍ਰਸਿਧੀ ਨਾ ਹਾਸਲ ਕਰਦਾ ।

ਜਦ ਪ੍ਰੋਗਰਾਮ ਸਮਾਪਤੀ ਤੇ ਤਕਰੀਬਨ ਪਹੁੰਚ ਹੀ ਚੁਕਿਆ ਸੀ ਤਾਂ ਸਾਬਕਾ ਮੁਖ ਮੰਤਰੀ ਪੰਜਾਬ ਸਰਦਾਰਨੀ ਰਾਜਿੰਦਰ ਕੌਰ ਭੱਠਲ ਸ੍ਰੀ ਸਤਿਗੁਰੂ ਜੀ ਦੇ ਦਰਬਾਰ 'ਚ ਹਾਜ਼ਰੀ ਲਵਾਉਣ ਲਈ ਗੁਰੂ ਜੀ ਦੇ ਚਰਨਾਂ 'ਚ ਸੀਸ ਨਿਵਾ ਹਾਜ਼ਰ ਹੋ ਗਏ । ਉਹਨਾਂ ਸਤਿਗੁਰੂ ਜੀ ਪ੍ਰਤੀ ਆਪਣੀ ਸ਼ਰਧਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਤਿਗੁਰੂ ਜੀ ਦੀ ਉਸ 'ਤੇ ਅਪਾਰ ਕ੍ਰਿਪਾ ਹੈ ਜੋ ਉਸ ਨੂੰ ਨਿਵਾਜਦੇ ਹਨ । ਉਸ ਨੇ ਨਾਮਧਾਰੀ ਦਰਬਾਰ ਨਾਲ ਆਪਣੀ ਚਿਰਾਂ ਪੁਰਾਣੀ ਸਾਂਝ ਦਾ ਜ਼ਿਕਰ ਕੀਤਾ ।

ਅੰਤ 'ਚ ਸ੍ਰੀ ਸਤਿਗੁਰੂ ਜੀ ਨੇ ਪ੍ਰਵਚਨ ਕਰਦਿਆਂ ਪੁਸਤਕਾਂ ਨੂੰ ਆਮ ਲੋਕਾਂ ਤਕ ਪਹੁੰਚਣ ਲਈ ਲਿਖਾਰੀਆਂ, ਬੁੱਧੀਜੀਵੀਆਂ ਨੂੰ ਚੰਗੇਰੇ ਪ੍ਰੋਗਰਾਮ ਉਲੀਕਣ ਲਈ ਕਿਹਾ । ਸ੍ਰੀ ਸਤਿਗੁਰੂ ਜੀ ਨੇ ਸਭ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ ਕਿ ਜੋ ਇਤਿਹਾਸ ਵੀ ਜਾਂਚਦੇ ਹਨ ।

ਸਾਰੀ ਕਾਰਵਾਈ ਸਟੇਜ ਸਕੱਤਰ ਸੰਤ ਤਰਸੇਮ ਸਿੰਘ ਨਾਮਧਾਰੀ ਦੀ ਦੇਖ-ਰੇਖ 'ਚ ਬਖੂਬੀ ਲਗਾਤਾਰ ਚਾਰ ਘੰਟੇ ਵਿਚ ਸੰਪੂਰਨ ਹੋਈ ।

# ਸ੍ਰੀ ਆਨੰਦਪੁਰ ਸਾਹਿਬ ਵਿਚ ਫਤਹਿ ਮਾਰਚ

ਖਾਲਸੇ ਦੀ ਤੀਜੀ ਜਨਮ ਸ਼ਤਾਬਦੀ ਦੇ ਸੰਬੰਧ ਵਿਚ ਸ੍ਰੀ ਆਨੰਦਪੁਰ ਸਾਹਿਬ ਵਿਚ ੧੨ ਅਪਰੈਲ ਨੂੰ ਇਕ ਜਲੂਸ 'ਫਤਹਿ ਮਾਰਚ' ਕਢਿਆ ਗਿਆ । ਇਸ ਮਾਰਚ ਵਿਚ ਭਾਗ ਲੈਣ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੰਗਤਾਂ ਸਹਿਤ ਪਧਾਰਨ ਵਾਸਤੇ ਬੇਨਤੀ ਕੀਤੀ ਗਈ । ਕਿਉਂਕਿ ਵੈਸਾਖੀ ਦਾ ਮੇਲਾ ਸ੍ਰੀ ਭੈਣੀ ਸਾਹਿਬ ਵਿਚ ਨਿਸਚਿਤ ਸੀ ਅਤੇ 'ਨਾਮਧਾਰੀ ਸੰਤ ਖਾਲਸਾ' ਸ੍ਰੀ ਆਨੰਦਪੁਰ ਸਾਹਿਬ ਦੀ ਯਾਤਰਾ ੨੮ ਮਾਰਚ ਨੂੰ ਕਰ ਆਇਆ ਸੀ ਇਸ ਵਾਸਤੇ ਵਡੇ ਪੱਧਰ ਤੇ ਫਤਹਿ ਮਾਰਚ ਵਿਚ ਸ਼ਾਮਲ ਹੋਣਾ ਸੰਭਵ ਨਹੀਂ ਸੀ ਅਤੇ ਇਕ ਦਿਨ ਦੇ ਵਿਚ ਵਿਚ ਸਾਰੇ ਥਾਂ ਨਾ ਤਾਂ ਸੂਚਨਾ ਪਹੁੰਚਾਈਆਂ ਜਾ ਸਕਦੀਆਂ ਸਨ ਨਾ ਹੀ ਸੰਗਤਾਂ ਦਾ ਆਉਣਾ ਸੰਭਵ ਸੀ । ਪਰ ਸਤਿਗੁਰੂ ਦੇ ਆਦੇਸ਼ 'ਤੇ ਫੁੱਲ ਚੜ੍ਹਾਉਂਦੇ ਹੋਏ ਨਾਮਧਾਰੀ ਦਰਬਾਰ ਦੇ ਉਚ ਅਧਿਕਾਰੀ, ਸੰਤ ਸੁਰਿੰਦਰ ਸਿੰਘ ਲੁਧਿਆਣਾ, ਸੰਤ ਅਜੀਤ ਸਿੰਘ ਨਾਮਧਾਰੀ, ਸੰਤ ਅਜੀਤ ਸਿੰਘ ਲਾਇਲ, ਸੂਬਾ ਹਰਭਜਨ ਸਿੰਘ ਅਤੇ ਉਹਨਾਂ ਦੇ ਸਹਿਯੋਗੀ ਸਰਗਰਮ ਹੋ ਗਏ ਅਤੇ ਥਾਂ ਥਾਂ ਟੈਲੀਫੋਨ ਕਰ ਕਰ ਕੇ ਸੰਗਤਾਂ ਨੂੰ ਸੂਚਿਤ ਕੀਤਾ । ਫਲਸਰੂਪ ਨਾਮਧਾਰੀ ਸੰਗਤਾਂ ਦਾ ਤਗੜਾ ਜੱਥਾ ਸ੍ਰੀ ਅਨੰਦਪੁਰ ਸਾਹਿਬ ਦੇ 'ਫਤਹਿ ਮਾਰਚ ਵਿਚ ਸ਼ਾਮਲ ਹੋਇਆ । ਇਸ ਫਤਹਿ ਮਾਰਚ ਵਿਚ ਵੱਖ ਵੱਖ ਥਾਵਾਂ ਤੋਂ ਆਏ ਹੋਰ ਖਾਲਸ ਮਾਰਚ ਵੀ ਸ਼ਾਮਲ ਸਨ । ਪੰਜ ਪਿਆਰਿਆਂ ਦੇ ਜਨਮ ਸਥਾਨਾਂ ਤੋਂ ਆਏ ਪੰਜ ਜਲੂਸ ਵੀ ਇਸ ਵਿਚ ਸਮਿਲਿਤ ਸਨ । ਭਾਵੇਂ ਇਹ ਫਤਹਿ ਮਾਰਚ ਕੀਰਤਪੁਰ ਤੋਂ ਆਉਂਦੀ ਸੜਕ ਤੇ ਬਣੇ ਮੁਖ ਦੁਆਰ ਤੋਂ ਆਰੰਭ ਹੋਣਾ ਸੀ ਪਰ ਕੀਰਤਪੁਰ ਤਕ ਹੀ ਸੰਗਤਾਂ ਦਾ ਬੜਾ ਭਾਰੀ ਇਕੱਠ ਸੀ । ਨਾਮਧਾਰੀ ਸੰਗਤਾਂ ਦੀ ਸ਼ਮੂਲੀਅਤ ਇਸ ਵਿਚ ਇਸ ਗੱਲੋਂ ਵੀ ਵਿਲੱਖਣ ਸੀ ਇਹ ਪੈਦਲ ਚਲ ਰਹੇ ਸਨ ਅਤੇ ਢੋਲਕ ਛੈਣਿਆਂ ਨਾਲ ਹੱਲੇ ਦਾ ਅਲੌਕਿਕ ਕੀਰਤਨ ਕਰ ਰਹੇ ਸਨ ਜੋ ਦਰਸ਼ਕਾਂ ਦੇ ਅਪਾਰ ਹਜੂਮ ਲਈ ਆਕਰਸ਼ਨ ਦਾ ਕੇਂਦਰ ਸੀ । ਮਾਰਚ ਦੇ ਅੱਗੇ ਬੈਂਡ ਸਨ, ਘੋੜ ਸਵਾਰ ਸਨ, ਗਤਕਾ ਪਾਰਟੀਆਂ ਸਨ ਅਤੇ ਰਾਸ਼ਟਰੀ ਸੇਵਕ ਸੰਘ ਦੇ ਭਾਰੀ ਗਿਣਤੀ ਵਿਚ ਵੱਖ ਵੱਖ ਥਾਵਾਂ ਤੋਂ ਆਏ ਕਾਰੀਅਕਰਤਾ ਸਨ । ਇਹ ਵੀ ਪੈਦਲ ਹੀ ਚਲ ਰਹੇ ਸਨ । ਬਾਕੀ ਸਾਰਾ ਜਲੂਸ ਗੱਡੀਆਂ ਮੋਟਰਾਂ ਵਿਚ ਸੀ ।



Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਸੰਗਤਾਂ ਦੇ ਨਾਲ ਸ੍ਰੀ ਭੈਣੀ ਸਾਹਿਬ ਤੋਂ ਲਿਆਂਦੀ ਮੋਟਰ ਗੱਡੀ ਸੀ ਜਿਸ ਤੇ ਬਹੁਤ ਸਾਰੇ ਲਾਊਡ ਸਪੀਕਰ ਲਗੇ ਸਨ ਅਤੇ ਇਕ ਬਹੁਤ ਲੰਮੀ ਲੀਡ ਰਾਹੀਂ ਮਾਈਕ ਪੈਦਲ ਜੱਥੇ ਕੋਲ ਪੁੱਜਦਾ ਸੀ। ਇਸ ਤਰ੍ਹਾਂ ਕੀਰਤਨ ਦਾ ਵਿਸਥਾਰ ਕਈ ਗੁਣਾਂ ਹੋ ਕੇ ਗੂੰਜਾਂ ਪਾ ਰਿਹਾ ਸੀ। ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਸਾਜਨਾ, ਉਹਨਾਂ ਵਲੋਂ ਸਿਰ ਮੰਗਣੇ, ਸਿੱਖਾਂ ਵਲੋਂ ਸੀਸ ਅਰਪਨ ਕਰਨੇ, ਕੁਰਬਾਨੀ, ਦੇਸ਼ ਪਿਆਰ, ਧਰਮ ਲਈ ਮਰ ਮਿਟਣ ਦੇ ਜਜ਼ਬੇ ਅਤੇ ਆਜ਼ਾਦੀ ਤੜਪ ਅਤੇ ਸਤਿਗੁਰਾਂ ਦੀ ਸ਼ਾਨ ਨੂੰ ਰੂਪਮਾਨ ਕਰਦੀਆਂ ਧਾਰਨਾਵਾਂ, ਆਦਿ ਅਤੇ ਦਸਮ ਬਾਣੀ ਦੇ ਪਰਮਾਨਾਂ ਨਾਲ ਭਰਿਆ ਕੀਰਤਨ, ਇਕ ਅਜੀਬ ਪਰਕਾਰ ਦਾ ਵੈਰਾਗ ਅਤੇ ਮਸਤੀ ਤਾਰੀ ਕਰ ਰਿਹਾ ਸੀ। ਉਪਰੋਂ ਦੁਪਹਿਰ ਦਾ ਤਪਦਾ ਸੂਰਜ ਬਲੇ ਤਪਦੀ ਹੋਈ ਸੜਕ ਨਾਮਧਾਰੀ ਜਥੇ ਨੂੰ ਸਗੋਂ ਹੋਰ ਗਰਮੀ ਹੀ ਬਖਸ਼ ਰਿਹਾ ਸੀ। ਇਸ ਤਪਦੀ ਸੜਕ ਤੇ ਤਾਂ ਬਾਬਾ ਛਿੰਦਾ ਸਿੰਘ ਮੁਹਾਵੇ ਵਾਲੇ ਚਲ ਵੀ ਨੰਗੇ ਪੈਰੀਂ ਰਹੇ ਸਨ।

ਸ੍ਰੀ ਭੈਣੀ ਸਾਹਿਬ, ਲੁਧਿਆਣਾ, ਚੰਡੀਗੜ੍ਹ, ਮੁਹਾਲੀ, ਜਲੰਧਰ, ਅੰਮ੍ਰਿਤਸਰ, ਏਲਨਾਬਾਦ, ਆਦਿ ਥਾਵਾਂ ਤੋਂ ਸੰਗਤਾਂ ਪੁਜੀਆਂ ਸਨ। ਇਹਨਾਂ ਥਾਵਾਂ ਤੋਂ ਬੀਬੀਆਂ ਦਾ ਵੀ ਭਾਰੀ ਜੱਥਾ ਪੁੱਜਾ ਸੀ। ਵਿਦਿਅਕ ਜੱਥੇ ਦੀ ਪ੍ਰਧਾਨ ਬੀਬੀ ਸੁਖਜੀਤ ਕੌਰ ਦੀ ਅਗਵਾਈ ਵਿਚ ਬੀਬੀ ਮਨਵਿੰਦਰ ਕੌਰ, ਅਮਰਜੀਤ ਕੌਰ, ਜਤਿੰਦਰ ਕੌਰ, ਹਰਭਜਨ ਕੌਰ, ਗੁਰਦਿਆਲ ਕੌਰ, ਮਨਜੀਤ ਕੌਰ, ਸੁਖਪਾਲ ਕੌਰ ਸਮੇਤ ਸੈਂਕੜੇ ਬੀਬੀਆਂ ਜਿਨ੍ਹਾਂ ਵਿਚ ਬਜ਼ੁਰਗ ਮਾਈਆਂ ਵੀ ਸਨ ਪੈਦਲ ਕੀਰਤਨ ਕਰਦੀਆਂ ਚਲ ਰਹੀਆਂ ਸਨ।

ਨਾਮਧਾਰੀ ਜੱਥੇ ਦੇ ਸਭ ਤੋਂ ਅਗੇ ਅਗੇ ਬੈਨਰ ਚੁੱਕੀ ਜਵਾਨ ਸਨ ਅਤੇ ਇਸ ਤੋਂ ਬਾਦ, ਸ. ਸੁਰਿੰਦਰ ਸਿੰਘ ਲੁਧਿਆਣਾ, ਮੀਤ ਪ੍ਰਧਾਨ ਨਾਮਧਾਰੀ ਦਰਬਾਰ, ਸ. ਅਜੀਤ ਸਿੰਘ ਨਾਮਧਾਰੀ, ਅਜੀਤ ਸਿੰਘ ਲਾਇਲ ਸਕੱਤਰ, ਸੂਬਾ ਹਰਭਜਨ ਸਿੰਘ ਲੁਧਿਆਣਾ, ਸਰਪੰਚ ਸਰਬਜੀਤ ਸਿੰਘ, ਕਸ਼ਮੀਰ ਸਿੰਘ ਚਲ ਰਹੇ ਸਨ। ਕੀਰਤਨ ਕਰਨ ਵਾਲੇ ਜੱਥੇ ਵਿਚ ਬਾਬਾ ਛਿੰਦਾ ਸਿੰਘ ਜੀ, ਸੰਤ ਚੰਨਣ ਸਿੰਘ ਡੀ.ਐਸ.ਪੀ. ਜਥੇਦਾਰ ਦਰਸ਼ਨ ਸਿੰਘ ਲੁਧਿਆਣਾ, ਜਥੇਦਾਰ ਜੀਤ ਸਿੰਘ ਚੰਡੀਗੜ੍ਹ, ਜਥੇਦਾਰ ਬਲਵੰਤ ਸਿੰਘ ਕਪੂਰਾ, ਜਥੇਦਾਰ ਜਸਪਾਲ ਸਿੰਘ ਸ੍ਰੀ ਭੈਣੀ ਸਾਹਿਬ, ਸ. ਜਸਬੀਰ ਸਿੰਘ ਲੁਧਿਆਣਾ, ਜਥੇਦਾਰ ਪ੍ਰੀਤਮ ਸਿੰਘ ਲੁਧਿਆਣਾ, ਸੰਤ ਜੋਗਾ ਸਿੰਘ ਚੰਡੀਗੜ੍ਹ, ਸੰਤ ਸਵਿੰਦਰ ਸਿੰਘ ਬਾਬਾ ਏਲਨਾਬਾਦ, ਅੰਮ੍ਰਿਤਸਰ ਤੋਂ ਪ੍ਰਧਾਨ ਰਣਜੀਤ ਸਿੰਘ, ਸ. ਰਣਜੀਤ ਸਿੰਘ ਪ੍ਰਧਾਨ ਵਿਦਿਅਕ ਜੱਥਾ, ਸੰਤ ਬਲਦੇਵ ਸਿੰਘ ਪ੍ਰਧਾਨ ਦਿਹਾਤੀ, ਰਤਨ ਸਿੰਘ ਜਨਰਲ ਸਕੱਤਰ, ਜਸਬੀਰ ਸਿੰਘ, ਮੁਹਕਮ ਸਿੰਘ, ਸਰੂਪ ਸਿੰਘ, ਸੰਤ ਦਲੀਪ ਸਿੰਘ, ਅਮਰੀਕ ਸਿੰਘ ਪ੍ਰਧਾਨ ਅਜਨਾਲਾ, ਸਵਿੰਦਰ ਸਿੰਘ ਲੁਧਿਆਣਾ, ਭੁਪਿੰਦਰ ਸਿੰਘ ਚਿਚਰਾੜੀ, ਸੁਖਦੇਵ ਸਿੰਘ ਲੁਧਿਆਣਾ (ਢੋਲਕੀ), ਸਮੇਤ ਸੈਂਕੜੇ ਹੋਰ ਗੁਰਮੁਖ ਪਿਆਰੇ ਸਨ ਜਿਨ੍ਹਾਂ ਦੇ ਨਾਮ ਗੁਰੂ ਜੀ ਜਾਣਦੇ ਹਨ। ਕੀਰਤਨ ਕਰਦੇ ਜਾ ਰਹੇ ਸਨ। ਮੀਲਾਂ ਦੇ ਪੈਦਲ ਸਫ਼ਰ ਵਿਚ ਜੱਥੇ ਦਾ ਜੋਸ਼ ਦੂਣ ਸਵਾਇਆ ਹੀ ਹੁੰਦਾ ਗਿਆ। ਸਮਾਪਤੀ ਤੇ ਸੰਗਤਾਂ ਨੇ ਸ੍ਰੀ ਕੇਸਗੜ੍ਹ ਸਾਹਿਬ ਅਤੇ ਮੁਖ ਪੰਡਾਲ ਵਿਚ ਮਥਾ ਟੇਕਿਆ। ਸੰਗਤਾਂ ਵਾਸਤੇ ਚੰਡੀਗੜ੍ਹ ਦੀ ਸੰਗਤ ਵਲੋਂ ਲੰਗਰ ਪਰਸ਼ਾਦਾ ਛਕਾਇਆ ਗਿਆ ਅਤੇ ਸੂਬਾ ਹਰਭਜਨ ਸਿੰਘ ਲੁਧਿਆਣਾ ਪਰਿਵਾਰ ਵਲੋਂ ਬੂੰਦੀ ਦਾ ਲੰਗਰ ਵਰਤਾਇਆ ਗਿਆ। —ਜਗਦੀਸ਼ ਸਿੰਘ

## ਖਾਲਸਾ ਮਾਰਚ ਦਾ ਸੁਆਗਤ

੧੨ ਅਪਰੈਲ ਨੂੰ ਸੰਤ ਸਮਾਜ ਵਲੋਂ ਸ੍ਰੀ ਅਨੰਦਪੁਰ ਸਾਹਿਬ ਜਾ ਰਹੇ ਖਾਲਸਾ ਮਾਰਚ ਦੇ ਸ੍ਰੀ ਭੈਣੀ ਸਾਹਿਬ ਮੋੜ ਤੇ ਪੁਜਣ ਉਤੇ ਨਾਮਧਾਰੀ ਦਰਬਾਰ ਵਲੋਂ ਪੁਰਜ਼ੋਰ ਸੁਆਗਤ ਕੀਤਾ ਗਿਆ। ਸ. ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਨਾਮਧਾਰੀ ਦਰਬਾਰ, ਸੰਤ ਦਲੀਪ ਸਿੰਘ ਨਾਮਧਾਰੀ, ਸੰਤ ਜਗਤਾਰ ਸਿੰਘ ਆਦਿ ਦੀ ਅਗਵਾਈ ਵਿਚ ਮਾਰਚ ਦੇ ਸੁਆਗਤ ਵਾਸਤੇ ਵਿਸ਼ੇਸ਼ ਮੰਚ ਤੋਂ ਸੁਆਗਤੀ ਸ਼ਬਦ ਕਹੇ ਗਏ। ਚਾਹ ਅਤੇ ਜਲ-ਪਾਣੀ ਨਾਲ ਸੇਵਾ ਕੀਤੀ ਗਈ। ਇਸ ਅਵਸਰ ਤੇ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਵਾਲਿਆਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਮੁਅੱਤਲ ਜਥੇਦਾਰ ਰਣਜੀਤ ਸਿੰਘ ਜੀ ਦਾ ਸੋਨੇ ਦੀਆਂ ਚੇਨੀਆਂ ਪਾ ਕੇ ਸੁਆਗਤ ਕੀਤਾ ਗਿਆ।

ਇਸ ਅਵਸਰ ਤੇ ਬੋਲਦਿਆਂ ਸ. ਸਿਮਰਨਜੀਤ ਸਿੰਘ ਮਾਨ ਹੋਰਾਂ ਕਿਹਾ, "ਅਸੀਂ ਨਾਮਧਾਰੀ ਖਾਲਸਾ ਦਰਬਾਰ ਦਾ ਬਹੁਤ ਸ਼ੁਕਰੀਆ ਕਰਦੇ ਹਾਂ, ਜਿਨ੍ਹਾਂ ਨੇ ਏਸ ਮਾਰਚ ਦਾ ਅਥਾਹ ਸੁਆਗਤ ਕੀਤਾ ਹੈ। ਮੈਂ ਬਹੁਤ ਰਿਣੀ ਹਾਂ ਕਿ ਤੁਸੀਂ ਸਾਡਾ ਏਡਾ ਸੁਆਗਤ ਕੀਤਾ ਹੈ। ਨਾਮਧਾਰੀਆਂ ਦੇ ਨਾਲ ਸਾਡੇ ਪਰਿਵਾਰ ਦਾ ਬੜਾ ਪੁਰਾਣਾ ਰਿਸ਼ਤਾ ਹੈ ਅਤੇ



Sri Satguru Jagjit Singh Ji eLibrary NamdhariElibrary@gmail.com

ਮੈਂ ਫ਼ਖ਼ਰ ਕਰਦਾ ਹਾਂ ਕਿ ਇਥੇ ਆ ਕੇ ਆਪਣੇ ਭਰਾਵਾਂ ਨਾਲ ਮਿਲੇ ਹਾਂ।"

ਇਸ ਸਮੇਂ ਬੇਦੀ ਸਾਹਿਬ ਬਾਬਾ ਸਰਬਜੋਤ ਸਿੰਘ ਜੀ ਨੇ ਆਪਣੇ ਵਿਚਾਰ ਇਹਨਾਂ ਸ਼ਬਦਾਂ ਵਿਚ ਰੱਖੇ, "ਨਾਮਧਾਰੀ ਪੰਥ ਦਾ ਠਾਠਾਂ ਮਾਰਦਾ ਉਤਸ਼ਾਹ, ਉਸ ਖਾਲਸਾ ਮਾਰਚ ਲਈ ਜੋ ਅਨੰਦਪੁਰ ਜਾ ਰਿਹਾ ਹੈ, ਵੇਖਕੇ ਅਤਿਅੰਤ ਖੁਸ਼ੀ ਹੋਈ ਹੈ। ਦਾਸ ਸਾਰੇ ਸੰਤ ਸਮਾਜ ਵਲੋਂ ਇਹਨਾਂ ਸਮੁਚੇ ਗੁਰਸਿਖਾਂ ਦਾ ਅਤੀ ਧੰਨਵਾਦੀ ਹੈ! ਮਹਾਂਪੁਰਸ਼ ਬਾਬਾ ਜਗਜੀਤ ਸਿੰਘ ਜੀ ਨਾਮਧਾਰੀ ਸੰਪਰਦਾ ਦੇ ਮੁਖੀ ਜਿਨ੍ਹਾਂ ਉਪਰ ਗੁਰੂ ਦੀ ਅਪਾਰ ਬਖਸ਼ਿਸ਼ ਤੇ ਰਹਿਮਤ ਹੈ ਤੇ ਆਪ ਬਾਣੀ ਦੀ ਤੁਕ-ਤੁਕ ਦੇ ਧਾਰਣੀ ਹਨ। ...ਨਾਮਧਾਰੀ ਜਗਤ ਦਾ ਸਿਖ ਧਰਮ ਨਾਲ ਅਟੁੱਟ ਨਾਤਾ ਹੈ ਅਤੇ ਇਹਨਾਂ ਦਾ ਕੁਰਬਾਨੀਆਂ ਭਰਿਆ ਇਤਿਹਾਸ ਹੈ। ਜਿਸ ਇਤਿਹਾਸ ਨੂੰ ਕਿਸੇ ਵੀ ਢੰਗ ਨਾਲ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਨਾਮਧਾਰੀ ਸਿੱਖਾਂ ਅਤੇ ਨਾਮਧਾਰੀ ਦਰਬਾਰ ਦਾ ਕੋਟਾਨ ਕੋਟ ਧੰਨਵਾਦ ਹੈ ਜਿਨ੍ਹਾਂ ਨੇ ਮਹਾਨ ਮਾਰਚ ਦਾ ਤਹਿ-ਦਿਲੋਂ ਸੁਆਗਤ ਕੀਤਾ ਹੈ।"

ਭਾਈ ਰਣਜੀਤ ਸਿੰਘ ਹੋਰਾਂ ਆਪਣੇ ਭਾਸ਼ਣ ਵਿਚ ਕਿਹਾ, "ਇਲਾਕਾ ਨਿਵਾਸੀ ਸੰਗਤਾਂ ਦਾ, ਨਾਮਧਾਰੀ ਸੰਪਰਦਾ ਅਤੇ ਬਾਬਾ ਜਗਜੀਤ ਸਿੰਘ ਜੀ ਦਾ ਬਹੁਤ ਬਹੁਤ ਧੰਨਵਾਦ ਹੈ ਜਿਨ੍ਹਾ ਨੇ ਏਸ ਮਹਾਨ ਖਾਲਸਾ ਮਾਰਚ ਨੂੰ ਜੀ ਆਇਆਂ ਕਿਹਾ ਤੇ ਤਨੋ-ਮਨੋ-ਧਨੋ ਸੇਵਾ ਕੀਤੀ। ...ਪ੍ਰਮਾਤਮਾ ਕਰੇ ਏਸ ਸੰਪਰਦਾ ਦੀ ਸੇਵਾ ਕਬੂਲ ਹੋਵੇ। ਇਥੋਂ ਦੀਆਂ ਸਿੱਖ ਸੰਗਤਾਂ ਦੀ ਸੇਵਾ ਕਬੂਲ ਹੋਵੇ। ਪ੍ਰਮਾਤਮਾ ਕਿਰਪਾ ਕਰੇ - ਨਾਮਦਾਨ ਦੀ ਦਾਤ ਬਖ਼ਸ਼ੇ, ਸੰਗਤਾਂ ਨਾਲ, ਗੁਰੂ ਨਾਲ ਜੋੜ ਕੇ ਰੱਖੇ। ਅਕਾਲ-ਪੁਰਖ ਕਿਰਪਾ ਕਰੇ ਆਪ ਏਸੇ ਤਰ੍ਹਾਂ ਹੀ ਸਮੂਹ ਸੰਗਤਾਂ ਦੀ ਤਨੋ-ਮਨੋ-ਧਨੋ ਸੇਵਾ ਕਰਦੇ ਰਹੋ ਅਤੇ ਗੁਰੂ ਦੇ ਆਸਰੇ ਤੇ ਉਤਸ਼ਾਹ ਵਿਚ ਆਪਣਾ ਜੀਵਨ ਬਿਤਾਓ। ...ਦੁਬਾਰਾ ਫੇਰ ਬਾਬਾ ਜਗਜੀਤ ਸਿੰਘ ਜੀ ਦਾ, ਨਾਮਧਾਰੀ ਦਰਬਾਰ ਅਤੇ ਹੰਸਪਾਲ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

## ਸੰਗੀਤ ਕਲਾ ਮੰਚ ਦਾ ੩੫ਵਾਂ ਸਮਾਰੋਹ

ਸੰਗੀਤ ਕਲਾ ਮੰਚ (ਰਜਿ:) ਜਲੰਧਰ ਇਕ ਅਜਿਹੀ ਸੰਸਥਾ ਹੈ ਜੋ ਹਰ ਸਾਲ ਸੰਗੀਤ ਸੰਮੇਲਨ ਆਯੋਜਿਤ ਕਰਦੀ ਹੈ ਵਲੋਂ ੩੫ਵਾਂ ਸੰਗੀਤ ਸੰਮੇਲਨ ੭ ਮਾਰਚ ੧੯੯੯ ਨੂੰ ਗੁਰੂ ਨਾਨਕ ਦੇਵ ਲਾਇਬਰੇਰੀ ਜਲੰਧਰ ਵਿਖੇ ਹਜ਼ਰਤ ਅਮੀਰ ਖੁਸਰੋ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ। ਪ੍ਰੋਗਰਾਮ ਨਿਰਧਾਰਿਤ ਸਮੇਂ ਸਾਢੇ ੩ ਵਜੇ ਆਰੰਭ ਕੀਤਾ ਗਿਆਂ। ਨਵਾਂ ਜ਼ਮਾਨਾ ਦੇ ਸ੍ਰੀ ਕ੍ਰਿਸ਼ਨ ਭਾਰਦਵਾਜ ਨੇ ਸ਼ਮ੍ਹਾਂ ਰੌਸ਼ਨ ਕੀਤੀ। ਸ੍ਰੀ ਹਰਭਜਨ ਸਿੰਘ ਧਾਰੀਵਾਲ ਨੇ ਸੋਲੋ ਤਬਲਾ-ਵਾਦਨ ਰਾਹੀਂ ਏਕ ਤਾਲ ਵਿਚ ਕਾਇਦੇ, ਪਲਟੇ ਅਤੇ ਚਕਰਦਾਰ ਆਦਿ ਪੰਜਾਬ ਘਰਾਣੇ ਦੀਆਂ ਚੀਜ਼ਾਂ ਵਜਾ ਕੇ ਆਪਣੇ ਫਨ ਰਾਹੀਂ ਨਿਹਾਲ ਕੀਤਾ। ਇਹਨਾਂ ਨਾਲ ਇਨ੍ਹਾਂ ਦੇ ਗੁਰੂ ਪ੍ਰੋ: ਲਛਮਣ ਸਿੰਘ ਸੀਨ ਨੇ ਹਾਰਮੋਨੀਅਮ ਤੇ ਨਗ਼ਮਾ ਰਖਿਆ। ਡਾ. ਜੋਗਿੰਦਰ ਬਾਵਰਾ ਨੇ ਸਾਰੰਗ ਦੇ ਦੋ ਪ੍ਰਕਾਰਾਂ ਦਾ ਗਾਇਨ ਕੀਤਾ ਅਤੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਰਾਗ ਮਧਮਾਦ ਸਾਰੰਗ ਵਿਚ ਵਿਲੰਬਤ ਖਿਆਲ ਅਤੇ ਮੀਆਂ ਕੀ ਸਾਰੰਗ ਵਿਚ ਦੁਰਤ ਖਿਆਲ "ਕਰਮ ਕਰੋ ਦਾਤਾ" ਜੋ ਤੀਨ ਤਾਲ ਵਿਚ ਸੀ। ਇਹਨਾਂ ਨਾਲ ਤਬਲਾ ਸੰਗਤ ਪੰਡਤ ਰਮਾ ਕਾਂਤ ਨੇ ਅਤੇ ਵਾਇਲਨ ਤੇ ਸ੍ਰੀ ਪ੍ਰਦੀਪ ਪੁਰੀ ਨੇ ਕੀਤੀ। ਸ੍ਰੀ ਸ਼ਮਿੰਦਰਪਾਲ ਸਿੰਘ ਨੇ ਸਾਰੰਗੀ ਤੇ ਰਾਗ ਸ਼ਾਮ ਕਲਿਆਣ ਪੇਸ਼ ਕਰਦੇ ਹੋਏ ਅਲਾਪ ਅਤੇ ਰਚਨਾਵਾਂ ਵਜਾਈਆਂ। ਇਹਨਾਂ ਨਾਲ ਸ੍ਰੀ ਤਿਲਕ ਰਾਜ ਨੇ ਤਬਲਾ ਸੰਗਤ ਕੀਤੀ।

ਪੰਡਿਤ ਭੀਮ ਸੈਨ ਜੋਸ਼ੀ ਦੇ ਸ਼ਾਗਿਰਦ ਸ੍ਰੀ ਹਰੀਸ਼ ਤਿਵਾੜੀ ਨੇ ਰਾਗ ਭੀਮ ਪਲਾਸੀ ਦੀ ਅਵਤਾਰਨਾ ਕੀਤੀ ਤੇ ਵਿਲੰਬਤ ਖਿਆਲ "ਅਬ ਤੋਂ ਬੜੀ ਦੇਰ ਭਈ" ਅਤੇ ਦਰੁਤ ਖਿਆਲ "ਬਰਿਜ ਮੇ ਧੂਮ ਮਚਾਈ ਕਾਹਨ" ਬੜੇ ਭਾਵ-ਪੂਰਨ ਅੰਦਾਜ਼ ਵਿਚ ਗਾਇਨ ਕੀਤਾ। ਇਹਨਾਂ ਨੇ ਸਮਾਪਤੀ ਕਰਨ ਤੋਂ ਪਹਿਲਾਂ ਰਾਗ ਬਸੰਤ ਵਿਚ ਇਕ ਦਰੁਤ ਰਚਨਾ ਦਾ ਗਾਇਨ ਕੀਤਾ ਜੋ ਯੱਕਾ ਤਾਲ ਵਿਚ ਸੀ। ਬੋਲ ਸਨ 'ਫੁਲਵਾਬਿਨਤ ਡਾਰ ਡਾਰ ਗੋਕੁਲ ਕੀ ਸੁਕੁਮਾਰੀ'। ਇਹਨਾਂ ਦਾ ਗਾਇਨ ਬੜਾ ਪਸੰਦ ਕੀਤਾ ਗਿਆ। ਇਹਨਾਂ ਨਾਲ ਤਬਲਾ ਸੰਗਤ ਸ੍ਰੀ ਰਮਾ ਕਾਂਤ ਨੇ ਅਤੇ ਹਾਰਮੋਨੀਅਮ ਤੇ ਡਾ. ਜੋਗਿੰਦਰ ਬਾਵਰਾ ਨੇ ਕੀਤੀ।

ਜਲੰਧਰ ਵਿਚ ਪਹਿਲੀ ਵਾਰ ਪਧਾਰੇ ਬੰਬਈ ਦੇ ਸ੍ਰੀ ਨਿਤਿਆਨੰਦ ਹਲਦੀਪੁਰ ਨੇ ਬਾਂਸਰੀ ਤੇ ਰਾਗ ਮਾਰਵਾ ਦੀ ਅਵਤਾਰਨਾ ਕੀਤੀ। ਅਲਾਪ ਤੋਂ ਬਾਅਦ ਵਿਲੰਬਤ ਅਤੇ ਦੁਰਤ ਰਚਨਾ ਪੇਸ਼ ਕੀਤੀ। ਰਾਗ ਮਾਰਵਾ ਇਕ ਮੁਸ਼ਕਲ ਰਾਗ ਹੈ। ਮੰਦਰ ਸਪਤਕ ਦੇ ਧੈਵਤ ਉਤੇ ਸਮ ਅਤੇ ਕੋਮਲ ਰਿਖਬ ਦਾ ਪ੍ਰਯੋਗ ਬੜਾ ਮਧੁਰ ਪ੍ਰਤੀਤ ਹੁੰਦਾ ਸੀ, ਜੋ ਵਾਤਾਵਰਨ ਨੂੰ ਮਨਭਾਵਨਾ ਬਣਾ ਰਿਹਾ ਸੀ। ਇਹਨਾਂ ਨਾਲ ਤਬਲਾ ਸੰਗਤ ਸ੍ਰੀ ਤਿਲਕ ਰਾਜ ਨੇ ਕੀਤੀ।



Sri Satguru Jagjit Singh Ji eLibrary NamdhariElibrary@gmail.com

## ਸੰਤ ਬਲਬੀਰ ਸਿੰਘ ਸਨਮਾਨਿਤ

ਜਲੰਧਰ ਸ਼ਹਿਰ ਵਿਖੇ ਮਿਤੀ ੯-੩-੯੯ ਦਿਨ ਮੰਗਲਵਾਰ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਬਹੁਤ ਹੀ ਵਿਸ਼ਾਲ ਨਾਮਧਾਰੀ ਸਮਾਗਮ ਸੰਤ ਮੋਹਣ ਸਿੰਘ ਉਸਾਹਨ ਪੁੱਤਰ ਸੰਤ ਇੰਦਰ ਸਿੰਘ ਜੀ ਦੁਆਰਾ ਰਾਮ ਲੀਲ੍ਹਾ ਪਾਰਕ ਨਜ਼ਦੀਕ ਸੋਡਲ ਚੌਕ ਜਲੰਧਰ ਵਿਖੇ ਕਰਵਾਇਆ ਗਿਆ।

ਆਰੰਭ ਹਜ਼ੂਰੀ ਰਾਗੀ ਸ੍ਰੀ ਭੈਣੀ ਸਾਹਿਬ ਤੋਂ ਹਰਬਸ ਸਿੰਘ ਘੁਲਾ, ਸੰਤ ਖਜ਼ਾਨ ਸਿੰਘ ਤਬਲਾਵਾਦਕ, ਸੰਤ ਸ਼ੇਰ ਸਿੰਘ ਹੋਰਾਂ ਆਸਾ ਦੀ ਵਾਰ ਦੇ ਕੀਰਤਨ ਨਾਲ ਕੀਤਾ।

ਆਸਾ ਜੀ ਦੀ ਵਾਰ ਦੇ ਭੋਗ ਉਪਰੰਤ ਜਥੇਦਾਰ ਹਜ਼ਾਰਾ ਸਿੰਘ ਜੀ ਨੇ ਢੋਲਕੀ ਤੇ ਸੁਰਿਦਰ ਸਿੰਘ (ਛਿੰਦਾ), ਸੰਤ ਸੂਰਤ ਸਿੰਘ, ਸੰਤ ਚੰਨਣ ਸਿੰਘ ਅਤੇ ਇਸ ਦੇ ਸਹਿਯੋਗੀ ਜਥੇ ਨਾਲ ਦੀਵਾਨ ਲਗਾਇਆ। ਉਪਰੰਤ ਸੂਬਾ ਜੋਵਾ ਸਿੰਘ ਜੀ ਨੇ ਜਗਾਧਰੀ ਤੋਂ ਆ ਕੇ ਇਸ ਸਮਾਗਮ ਦੀ ਰੌਣਕ ਨੂੰ ਬਰਕਰਾਰ ਰੱਖਦੇ ਹੋਏ ਹੱਲੇ ਦਾ ਦੀਵਾਨ ਸਜਾਇਆ।

ਉਪਰੰਤ ਬਾਬਾ ਛਿੰਦਾ ਸਿੰਘ ਜੀ ਹੂਰਾਂ ਨੇ ਗੁਰੂ ਜਸ ਆਪਣੇ ਅੰਦਾਜ਼ ਰਸ-ਭਿੰਨੀਆਂ ਆਵਾਜ਼ਾਂ, ਧਾਰਨਾਵਾਂ ਮਨ ਨੂੰ ਮੋਹ ਲੈਣ ਵਾਲੀਆਂ ਸੁਣਾਉਂਦਿਆਂ ਹੋਇਆਂ ਕੀਰਤਨ ਕੀਤਾ।

ਉਪਰੰਤ ਨਾਮ ਸਿਮਰਨ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਧ-ਸੰਗਤਾਂ ਨੂੰ ਦਰਸ਼ਨ ਦੇ ਕੇ ਨਿਵਾਜਿਆ। ਹਜ਼ਾਰਾਂ ਦੀ ਤਾਦਾਦ ਵਿਚ ਸਾਧ-ਸੰਗਤ ਨੇ ਸਤਿਗੁਰਾਂ ਦੇ ਦਰਸ਼ਨ ਕੀਤੇ ਤੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਉਸਤਾਦ ਸੰਤ ਬਲਬੀਰ ਸਿੰਘ (ਰਾਗੀ) ਨੂੰ ਉਹਨਾਂ ਦੀਆਂ ਸੰਗੀਤ ਸੇਵਾਵਾਂ ਨੂੰ ਮੁੱਖ ਰਖਦਿਆਂ ਜਲੰਧਰ ਦੀ ਸੰਗਤ ਵਲੋਂ ਸਨਮਾਨਤ ਕੀਤਾ ਗਿਆ। ਸਿਰੋਪਾ ਅਤੇ ਸਨਮਾਨ ਸਾਮਗਰੀ ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਦੁਆਰਾ ਸੰਤ ਬਲਬੀਰ ਸਿੰਘ ਜੀ ਨੂੰ ਬਖਸ਼ਿਸ਼ ਕੀਤੀ ਗਈ।

ਸਤਿਗੁਰੂ ਜੀ ਨੂੰ ਜੀਓ ਆਇਆਂ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਸ. ਜਗਦੀਸ਼ ਸਿੰਘ ਵਰਿਆਮ ਹੋਰਾਂ ਕੀਤਾ। ਨਾਮਧਾਰੀ ਵਿਦਿਅਕ ਜੱਥਾ ਨੇ ਸੇਵਾ ਕਾਰਜਾਂ ਵਿਚ ਸੂਬਾ ਜੁਗਿੰਦਰ ਸਿੰਘ, ਪ੍ਰਧਾਨ ਸੁਰਜੀਤ ਸਿੰਘ ਅਤੇ ਪਰਿਵਾਰ ਨੂੰ ਵਧ ਚੜ੍ਹ ਕੇ ਸਹਿਯੋਗ ਦਿਤਾ।

—ਸੁਰਿੰਦਰ ਸਿੰਘ (ਛਿੰਦਾ)


ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

NAMDHARI MARBLE CO.

Supplier of :—

KOTA STONE, RED AGRA, MANDANA, MARBLE.
DHAULPUR & GWALIOR BUCH

PROP. S. DAYA SINGH BHUI

WZ-2, Mansarover Garden, Ring Road,
NEW DELHI—110015




Sri Satguru Jagjit Singh Ji eLibrary NamdhariElibrary@gmail.com

GOLD MEDAL WINNER

# JAYSON®

ELECTRIC MOTORS

FOR Agriculture, Domestic and Industrial Uses

(1982-1983)

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single
Phase and 1/12 H.P. to
30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also
be made according to
Customer's Specifications




ONE YEAR GUARANTEE AGAINST ALL
MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg,
Maya Puri Indl. Area, New Delhi-110064
Phones: 594536,532536 Resi.501634



ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

## ਡਾਲਟਨਗੰਜ (ਬਿਹਾਰ)

# Namdhari Brothers

## DALTON GANJ

(Bihar)

Prop. :

S. AJIT SINGH NAMDHARI



੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 220010

Makhan Singh Saggu

# TECHNO INDUSTRIES

## ਟੈਕਨੋ ਇੰਡਸਟਰੀਜ਼

Manufacturers, Fabricators & Exporters

Industrial Chain Sprockets & Sugar Mill
Spares All Types of Graded Casting
& Machinery Parts

E.D. 311, Old Railway Road,
JALANDHAR-144001.





Sri Satguru Jagjit Singh Ji eLibrary NamdhariElibrary@gmail.com

Gram : 'SNIPER' Hello : 431367

*Reputed Manufacturers of :*
**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

OPP. INDUSTRIAL ESTATE,
JAMMU CANTT.

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

# Namdhari Sales

10240/54, Library Road, Azad Market, Delhi-11006




Sri Satguru Jagjit Singh Ji eLibrary NamdhariElibrary@gmail.com

Registered No. PB/JL-253
MONTHLY WARIAM
Ladowali Road, Jalandhar-144 001
MAY 1999
Registered with the Registrar of News papers for India. RNI No. 26453/75

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ**

# ਨਾਮਧਾਰੀ ਏਜੰਸੀਜ਼

**੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਕ, ਦਿੱਲੀ-੧੧੦੦੦੬**

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI–110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 222543 ਨਿਵਾਸ 56289

Sri Satguru Jagjit Singh Ji eLibrary NamdhariElibrary@gmail.com